**ਲੰਡਨ, 27 ਨਵੰਬਰ (ਆਵਾਜ਼ਿ ਕੌਮ ਬਿਊਰੋ)**-ਅੱਜ ਕਨੇਡਾ-ਅਮਰੀਕਾ ਵਰਗੇ ਮੁਲਕ ਭਾਰਤੀ ਦਹਿਸ਼ਤਗਰਦ ਹਿੰਦ ਹਕੂਮਤ ਵੱਲੋਂ ਸਿੱਖਾਂ ਉੱਤੇ ਕੀਤੇ ਜਾ ਰਹੇ 'ਟਰਾਂਸ ਨੈਸ਼ਨਲ ਰਿਪਰੈਸ਼ਨ' ਦੇ ਉਲਟ ਖੜੇ ਹਨ ਅਤੇ ਠੋਕ ਕੇ ਵਿਦੇਸ਼ਾਂ ਵਿੱਚ ਸਿੱਖ ਆਗੂਆਂ ਦੇ ਕੀਤੇ ਕਤਲਾਂ ਵਿੱਚ ਭਾਰਤੀ ਹਿੰਦ ਹਕੂਮਤ ਨੂੰ ਦੁਨੀਆ ਦੇ ਸਾਹਮਣੇ ਨੰਗਿਆਂ ਕਰ ਰਹੇ ਹਨ ਤਾਂ ਭਾਰਤੀ ਹਿੰਦ ਹਕੂਮਤ ਖਿਲਾਫ਼ ਪੰਜਾਬ'ਚੋਂ ਵੀ ਆਪਣੀ ਆਵਾਜ਼ ਦੁਨੀਆਂ'ਚ ਚੁੱਕਣ ਵਾਸਤੇ ਦਲ ਖਾਲਸਾ ਨੇ 05 ਦਸੰਬਰ 2024 ਦੀ ਮੋਗਾ ਕਨਵੈਨਸ਼ਨ ਰੱਖੀ ਹੈ ਇਸ ਸਬੰਧੀ ਮੀਡੀਆ ਨੂੰ ਭੇਜੇ ਗਏ ਬਿਆਨ ਵਿੱਚ ਇੰਗਲੈਂਡ ਵਿੱਚ ਰਾਜਸੀ ਸ਼ਰਨ ਤੇ ਰਹਿ ਰਹੇ ਸਿੱਖ ਫੈਡਰੇਸ਼ਨ ਯੂ ਕੇ ਦੇ ਸੀਨੀਅਰ ਆਗੂ ਭਾਈ ਕੁਲਵੰਤ ਸਿੰਘ ਮੁਠੱਡਾ,ਭਾਈ ਬਲਵਿੰਦਰ ਸਿੰਘ ਡੱਲੇਵਾਲ, ਜਰਮਨੀ ਤੋ ਭਾਈ ਗੁਰਵਿੰਦਰ ਸਿੰਘ ਨਡਾਲੋ, ਬੈਲਜੀਅਮ ਤੋਂ ਭਾਈ ਗੁਰਦਿਆਲ ਸਿੰਘ ਢਕਾਣਸੂ, ਅਤੇ ਅਮਰੀਕਾ ਤੋਂ ਗੁਰਮੇਲ ਸਿੰਘ ਢੇਸੀ ਨੇ ਇਸ ਮੋਗਾ ਕਨਵੈਨਸ਼ਨ ਨੂੰ ਸਫ਼ਲ ਬਣਾਉਣ ਲਈ ਆਪਣਾ ਕੌਮੀ ਫਰਜ਼ ਜਾਣ ਕੇ ਪ੍ਰਬੰਧਕਾਂ ਦਾ ਸਾਥ ਦੇਣ ਦੀ ਸਮੂੰਹ ਸਿੱਖ ਸੰਗਤਾਂ ਪੰਥਕ ਜਥੇਬੰਦੀਆਂ ਅਤੇ ਮਨੁੱਖੀ ਅਧਿਕਾਰ ਸੰਸਥਾਵਾਂ ਨੂੰ ਅਪੀਲ ਕੀਤੀ ਹੈ ਅਤੇ ਵਿਦੇਸ਼ਾ ਵਿੱਚ ਵੱਸਦੇ ਸਿੱਖ ਕੌਮ ਦੀਆਂ ਜਥੇਬੰਦੀਆ, ਸੰਸਥਾਵਾਂ ਨੂੰ ਵੀ ਅਪੀਲ ਹੈ ਕਿ ਉਹ ਆਪਣੇ ਨੁਮਾਇੰਦੇ ਜ਼ਰੂਰ ਭੇਜਣ ਜਾਂ ਆਪਣੀ ਰਾਏ ਜ਼ਰੂਰ ਭੇਜਣ ਤਾਂ ਸਾਰੇ ਰੱਲ੍ਹ ਕੇ ਸਾਂਝੀ ਨੀਤੀ ਰਾਂਹੀ ਕੋਈ ਠੋਸ ਪ੍ਰੋਗਰਾਮ ਉਲੀਕ ਸਕਣ ਭਾਈ ਕੁਲਵੰਤ ਸਿੰਘ ਮੁਠੱਡਾ ਨੇ ਕਿਹਾ ਕਿ ਪੰਜਾਬ ਵਿੱਚ ਕੇਵਲ ਦਲ ਖਾਲਸਾ ਜਥੇਬੰਦੀ ਨੇ ਹੀ ਪਹਿਲਕਦਮੀ ਕਰਕੇ ਵਿਦੇਸ਼ਾਂ ਦੀ ਧਰਤੀ ਤੇ ਹੋਏ ਖਾਲਿਸਤਾਨੀ ਸਿੱਖ ਆਗੂਆਂ ਦੇ ਹੋਏ ਕਤਲ ਅਤੇ ਕਤਲ ਕਰਨ ਦੀਆਂ ਸਾਜਿਸ਼ਾਂ ਵਿੱਚ ਸ਼ਾਮਲ ਭਾਰਤੀ ਹਿੰਦ ਹਕੂਮਤ ਵਲੋਂ ਕੀਤੇ ਜਾ ਰਹੇ ਟਰਾਂਸ ਨੈਸ਼ਨਲ ਰੇਪਰੇਸ਼ਨ ਦੇ ਖਿਲਾਫ ਆਵਾਜ਼ ਚੁੱਕੀ ਹੈ ਸੋ ਸਾਨੂੰ ਸਾਰਿਆਂ ਨੂੰ 5 ਦਸੰਬਰ ਨੂੰ ਮੋਗਾ ਕਨਵੈਨਸ਼ਨ ਵਿੱਚ ਵੱਧ ਚੜ ਕੇ ਹਾਜ਼ਰੀ ਭਰਨੀ ਚਾਹੀਦੀ ਹੈ।

# ਜਿਮਣੀ ਚੋਣਾਂ 'ਚ ਜਿੱਤ ਨੇ ਸਾਬਿਤ ਕਰਤਾ ਕਿ ਲੋਕ ਮਾਨ ਸਰਕਾਰ ਦੀਆਂ ਸਕੀਮਾਂ ਤੋਂ ਖੁਸ਼ ਹਨ ਆਪ ਆਗੂ

**ਧੂਰੀ ( ਰਣਜੀਤ ਸਿੰਘ ਪੇਧਨੀ )**-ਆਪ ਦੀ ਹੋਈ ਸ਼ਾਨਦਾਰ ਜਿੱਤ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਪੰਜਾਬ ਦੇ ਸੂਝਵਾਨ ਵੋਟਰਾਂ ਨੇ ਸ: ਭਗਵੰਤ ਸਿੰਘ ਮਾਨ ਵਾਲੀ ਸਰਕਾਰ ਦੀਆਂ ਲੋਕ ਭਲਾਈ ਸਕੀਮਾਂ, ਸਿਹਤ ਸਹੂਲਤਾਂ, ਸਿੱਖਿਆ ਦੇ ਖੇਤਰ, ਨੌਜਵਾਨਾਂ ਨੂੰ ਰੁਜਗਾਰ, ਸੂਬੇ ਨੂੰ ਵਿਕਾਸ ਦੀਆਂ ਤਰੱਕੀਆਂ ਵੱਲ ?? ਜਾਣ ਅਤੇ ਸ੍ਰੀ ਕੇਜਰੀਵਾਲ ਦੀ ਅਗਾਂਹਵਧੂ ਸੋਚ 'ਤੇ ਲੋਕ ਪੱਖੀ ਨੀਤੀਆਂ 'ਤੇ ਮੋਹਰ ਲਗਾਈ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸ,ਅਮਰੀਕ ਸਿੰਘ ਭੋਜੋਵਾਲੀ ਚੇਅਰਮੈਨ ਵੇਰਕਾ ਮਿਲਕ ਪਲਾਂਟ ਸੰਗਰੂਰ, ਸਰਪੰਚ ਜੱਗਾ ਭੋਜੋਵਾਲੀ, ਸਰਪੰਚ ਜਸਵੀਰ ਦਾਸ ਢਢੋਗਲ, ਸਰਪੰਚ ਗੁਰਮੇਲ ਸਿੰਘ ਬੁਰਜ ਗੌਹਰਾ ਅਤੇ ਰਣਜੀਤ ਸਿੰਘ ਧੰਦੀਵਾਲ ਪ੍ਰਮੁੱਖ ਦਾਅਵੇਦਾਰ ਬਲਾਕ ਸੰਮਤੀ ਜੋਨ ਧੰਦੀਵਾਲ ਨੇ ਸਾਂਝੇ ਤੌਰ ਤੇ ਕੀਤਾ। ਆਗੂਆਂ ਨੇ ਕਿਹਾ ਕਿ ਲੋਕਾਂ ਨੇ ਇੱਕ ਵਾਰ ਫਿਰ ਤੋਂ ਆਮ ਆਦਮੀ ਪਾਰਟੀ 'ਤੇ ਵਿਸ਼ਵਾਸ਼ ਕਰਕੇ ਆਪਣੀ ਸਿਆਣਪ ਦਾ ਸਬੂਤ ਦਿੱਤਾ ਹੈ। ਆਗੂਆਂ ਨੇ ਕਿਹਾ ਕਿ ਜਿਮਨੀ ਚੋਣਾਂ ਦੇ ਆਏ ਨਤੀਜਿਆਂ ਤੋਂ ਸਾਫ ਸਿੱਧ ਹੁੰਦਾ ਹੈ ਕਿ ਆਮ ਆਦਮੀ ਪਾਰਟੀ ਸੂਬੇ ਦੇ ਲੋਕਾਂ ਦੀ ਹਰਮਨ ਪਿਆਰੀ ਪਾਰਟੀ ਬਣ ਚੁੱਕੀ ਹੈ। ਆਗੂਆਂ ਨੇ ਆਪ ਦੇ ਜੇਤੂ ਵਿਧਾਇਕ ਸ: ਗੁਰਦੀਪ ਸਿੰਘ ਰੰਧਾਵਾ (ਹਲਕਾ ਡੇਰਾ ਬਾਬਾ ਨਾਨਕ, ਡਾ: ਇਸ਼ਾਕ ਕੁਮਾਰ (ਹਲਕਾ ਚੱਬੇਵਾਲ) ਅਤੇ ਸ: ਹਰਦੀਪ ਸਿੰਘ ਡਿੰਪੀ ਢਿੱਲੋਂ (ਹਲਕਾ ਗਿੱਦੜਵਾਹਾ) ਨੂੰ ਵਧਾਈ ਦਿੱਤੀ। ਆਗੂਆਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਬਣਨ ਦੇ ਸੁਪਨੇ ਦੇਖਣ ਵਾਲਾ ਕਾਂਗਰਸੀ ਪ੍ਰਧਾਨ ਰਾਜਾ ਵੜਿੰਗ ਆਪਣੀ ਖੁਦ ਦੀ ਸੀਟ ਵੀ ਬਚਾ ਸਕਿਆ ਅਤੇ ਇਨ੍ਹਾਂ ਦੀ ਪਤਨੀ ਅੰਮ੍ਰਿਤਾ ਵੜਿੰਗ ਨੂੰ ਕਰਾਰੀ ਹਾਰ ਮਿਲੀ ਹੈ, ਇਸ ਤੋਂ ਅੰਦਾਜਾ ਲਗਾਇਆ ਜਾ ਸਕਦਾ ਹੈ ਕਿ ਕਾਂਗਰਸ ਦਾ ਵਜੂਦ ਖਤਮ ਹੈ। ਆਗੂਆਂ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਸ: ਭਗਵੰਤ ਸਿੰਘ ਮਾਨ ਦੀ ਲੋਕ ਪੱਖੀ ਸੋਚ ਸਦਕਾ ਅਗਾਮੀ ਚੋਣਾਂ ਲਈ ਰਾਹ ਪੱਧਰਾ ਹੋ ਗਿਆ ਹੈ।



# ਗੁਰਦੁਆਰਾ ਰਾਜੌਰੀ ਗਾਰਡਨ ਵਿਖੇ ਪਹਿਲੀ ਪਾਤਸ਼ਾਹੀ ਦੇ ਪ੍ਰਕਾਸ਼ ਪੁਰਬ ਸਬੰਧ ਵਿਚ ਨਿਰੰਤਰ ਸਮਾਗਮ



**ਨਵੀਂ ਦਿੱਲੀ, 27 ਨਵੰਬਰ (ਮਨਪ੍ਰੀਤ ਸਿੰਘ ਖਾਲਸਾ)**-ਪੱਛਮੀ ਦਿੱਲੀ ਵਿੱਚ ਸਥਿਤ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਰਾਜੋਰੀ ਗਾਰਡਨ ਵਿਖੇ ਪਹਿਲੀ ਪਾਤਸਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਇਕ ਹਫਤੇ ਤੱਕ ਵਿਸ਼ੇਸ਼ ਸਮਾਗਮ ਕਰਵਾਏ ਜਾ ਰਹੇ ਹਨ, ਇਨ੍ਹਾਂ ਸਮਾਗਮਾਂ ਵਿੱਚ ਪੰਥ ਪ੍ਰਸਿੱਧ ਰਾਗੀ ਜਥਿਆਂ ਵਲੋਂ ਗੁਰਬਾਣੀ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਜਾ ਰਿਹਾ ਹੈ ਇਸ ਮੌਕੇ ਗੁਰੂ ਨਾਨਕ ਪਬਲਿਕ ਸਕੂਲ ਰਾਜ਼ੋਰੀ ਗਾਰਡਨ ਦੇ ਬੱਚਿਆਂ ਨੇ ਵੀ ਗੁਰਬਾਣੀ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ ਅਤੇ ਸ਼ਬਦ ਗੁਰੂ ਜੀ ਦੇ ਲੜ ਲੱਗਣ ਦੀ ਤਕੀਦ ਵੀ ਕੀਤੀ ਕਥਾ ਵਾਚਕਾਂ ਤੇ ਪ੍ਰਚਾਰਕਾਂ ਨੇ ਵੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਸਬੰਧੀ ਸੰਗਤਾਂ ਨੂੰ ਜਾਣੂੰ ਕਰਵਾਇਆ ਇਸ ਮੌਕੇ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਸ. ਹਰਮਨਜੀਤ ਸਿੰਘ ਅਤੇ ਜਨਰਲ ਸਕੱਤਰ ਸ. ਮਨਜੀਤ ਸਿੰਘ ਖੰਨਾ ਨੇ ਦੱਸਿਆ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਗੁਰਪੁਰਬ ਸਬੰਧੀ ਪੂਰੇ ਇੱਕ ਹਫਤੇ ਤੱਕ ਸਵੇਰੇ ਤੇ ਸ਼ਾਮ ਨੂੰ ਵਿਸ਼ੇਸ਼ ਦੀਵਾਨ ਸਜਾਏ ਗਏ, ਜਿਨ੍ਹਾਂ ਵਿੱਚ ਜਗਜੀਤ ਸਿੰਘ ਬਬੀਹਾ, ਡਾ.ਮਨਪ੍ਰੀਤ ਸਿੰਘ, ਡਾ. ਹਰਬਨ ਸਿੰਘ ਅਤੇ ਹੋਰ ਰਾਗੀ ਜਥਿਆਂ ਵਲੋਂ ਗੁਰੂ ਇਤਿਹਾਸ ਬਾਰੇ ਜਾਣਕਾਰੀ ਦਿੱਤੀ ਗਈ। ਇਸ ਦੇ ਨਾਲ ਹੀ ਉਨ੍ਹਾਂ ਨੇ ਦੱਸਿਆ ਕਿ 1 ਦਸੰਬਰ ਨੂੰ ਸਵੇਰੇ 10 ਵਜੇ ਗੁਰਦੁਆਰਾ ਸਾਹਿਬ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਛੱਤਰ ਛਾਇਆ ਵਿੱਚ ਨਗਰ ਕੀਰਤਨ ਸਜਾਇਆ ਜਾਵੇਗਾ। ਪ੍ਰਬੰਧਕਾਂ ਨੇ ਦਸਿਆ ਕਿ ਦਿਨ ਐਤਵਾਰ 1 ਦਸੰਬਰ 2024 ਨੂੰ ਇੱਕ ਵਿਸ਼ਾਲ ਨਗਰ ਕੀਰਤਨ ਗੁਰਦੁਆਰਾ ਸਾਹਿਬ ਤੋਂ ਸਜਾਇਆ ਜਾਵੇਗਾ।

# ਹਰਮੀਤ ਕਾਲਕਾ ਵਲੋਂ ਆਪਣੇ ਰਾਜਸੀ ਲਾਲਚਾਂ ਦੀ ਪੂਰਤੀ ਲਈ ਧਰਮ ਨੂੰ ਪੌੜੀ ਬਨਾਣਾ ਦਿੱਲੀ ਕਮੇਟੀ ਪ੍ਰਧਾਨ ਦੇ ਓਹਦੇ ਲਈ ਨਮੋਸ਼ੀਜਨਕ: ਸਰਨਾ

## ਕਾਲਕਾ ਵੱਲੋਂ ਆਪਣੇ ਪਰਿਵਾਰ ਨੂੰ ਵਿਧਾਨ ਸਭਾ ਦੀ ਟਿਕਟ ਦਵਾਉਣ ਲਈ ਭਾਜਪਾ ਦੇ ਪ੍ਰੋਗਰਾਮਾਂ ਵਿੱਚ ਕੀਤੀ ਜਾ ਰਹੀ ਸ਼ਰੇਆਮ ਸ਼ਮੂਲੀਅਤ



ਨਵੀਂ ਦਿੱਲੀ 27 ਨਵੰਬਰ (ਮਨਪ੍ਰੀਤ ਸਿੰਘ ਖਾਲਸਾ):- ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮਿਆਦ ਪੁਗਾ ਚੁੱਕੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਵੱਲੋਂ ਜੋ ਆਪਣੇ ਪਰਿਵਾਰ ਨੂੰ ਵਿਧਾਨ ਸਭਾ ਦੀ ਟਿਕਟ ਦਵਾਉਣ ਲਈ ਭਾਜਪਾ ਦੇ ਪ੍ਰੋਗਰਾਮਾਂ ਵਿੱਚ ਸ਼ਰੇਆਮ ਸ਼ਮੂਲੀਅਤ ਕੀਤੀ ਜਾ ਰਹੀ ਹੈ। ਇਹ ਬੇਹੱਦ ਨਿੰਦਣਯੋਗ ਹੈ। ਹਰਮੀਤ ਸਿੰਘ ਕਾਲਕਾ ਦੀ ਆਪਣੀ ਤੇ ਕੋਈ ਇੱਜ਼ਤ ਹੈ ਨਹੀਂ ਪਰ ਘੱਟੋ ਘੱਟ ਉਹ ਜਿਸ ਅਹੁਦੇ ਤੇ ਕਾਬਜ਼ ਹੋਇਆ ਬੈਠਾ ਹੈ। ਉਸਦੀ ਮਾਣ ਮਰਿਯਾਦਾ ਦਾ ਜ਼ਰੂਰ ਖਿਆਲ ਰੱਖਣਾ ਚਾਹੀਦਾ ਹੈ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਤੇ ਸ਼੍ਰੋਮਣੀ ਅਕਾਲੀ ਦਲ ਦੀ ਦਿੱਲੀ ਇਕਾਈ ਦੇ ਪ੍ਰਧਾਨ ਸ. ਪਰਮਜੀਤ ਸਿੰਘ ਸਰਨਾ ਨੇ ਪ੍ਰੈਸ ਨੂੰ ਜਾਰੀ ਇਕ ਬਿਆਨ ਰਾਹੀਂ ਕਿਹਾ ਕਿ ਧਰਮ ਨੂੰ ਪੌੜੀ ਬਣਾਕੇ ਹਰਮੀਤ ਸਿੰਘ ਕਾਲਕਾ ਜੋ ਆਪਣੀ ਰਾਜਸੀ ਭੁੱਖ ਨੂੰ ਦੂਰ ਕਰਨ ਲਈ ਸਿਆਸੀ ਅਹੁਦਿਆਂ ਦੇ ਲਾਲਚ ਮਗਰ ਤੁਰਿਆ ਫਿਰ ਰਿਹਾ ਹੈ। ਇਹ ਨੈਤਿਕ ਗਿਰਾਵਟ ਦੀ ਨਿਸ਼ਾਨੀ ਹੈ। ਜਿੰਨੇ ਯਤਨ ਕਾਲਕਾ ਆਪਣੇ ਰਾਜਸੀ ਲਾਲਚਾਂ ਦੀ ਪੂਰਤੀ ਦੇ ਲਈ ਕਰ ਰਿਹਾ ਹੈ। ਜੇਕਰ ਇਸਤੋਂ ਅੱਧੇ ਯਤਨ ਵੀ ਦਿੱਲੀ ਕਮੇਟੀ ਦੇ ਸਕੂਲਾਂ ਕਾਲਜਾਂ ਲਈ ਕੀਤੇ ਹੁੰਦੇ ਤਾਂ ਅੱਜ ਉਹਨਾਂ ਸਕੂਲਾਂ ਕਾਲਜਾਂ ਦੀ ਹਾਲਤ ਹੋਰ ਹੁੰਦੀ। ਜਿੰਨਾਂ ਦਾ ਹਰਮੀਤ ਸਿੰਘ ਕਾਲਕਾ ਨੇ ਭੱਠਾ ਬਿਠਾਕੇ ਰੱਖ ਦਿੱਤਾ ਹੈ ਤੇ ਹੁਣ ਵੇਚਣ ਦੀ ਤਿਆਰੀ ਕਰ ਰਿਹਾ ਹੈ।

ਉਨ੍ਹਾਂ ਕਿਹਾ ਕਿ ਜੇਕਰ ਹਰਮੀਤ ਸਿੰਘ ਕਾਲਕਾ ਨੂੰ ਏਨਾ ਹੀ ਸਿਆਸੀ ਭੁੱਖ ਹੈ ਤੇ ਉਹ ਭੇਖੀ ਨਾ ਬਣੇ ਸਗੋਂ ਧਰਮ ਦਾ ਖੇਤਰ ਛੱਡਦੇ ਹੋਏ ਦਿੱਲੀ ਕਮੇਟੀ ਤੋਂ ਅਸਤੀਫ਼ਾ ਦਿੰਦੇ ਹੋਏ ਇਸ ਧਰਮ ਵਿਹੂਣੀ ਰਾਜਨੀਤੀ ਵਿੱਚ ਸਿੱਧਾ ਹੀ ਸ਼ਾਮਲ ਹੋ ਜਾਵੇ ਤੇ ਆਪਣੀ ਸਿਆਸੀ ਭੁੱਖ ਪੂਰੀ ਕਰ ਲਵੇ। ਇਸ ਲਈ ਕਾਲਕਾ ਨੂੰ ਚਾਹੀਦਾ ਹੈ ਕਿ ਉਹ ਧਰਮ ਨੂੰ ਪੌੜੀ ਨਾ ਬਣਾਉਂਦੇ ਹੋਏ ਇੱਕ ਪਾਸੇ ਹੋ ਜਾਵੇ ਤੇ ਜਿਹੜੀ ਧਿਰ ਤੋਂ ਅੱਜ ਤੱਕ ਇੱਕ ਵੀ ਸਿੱਖਾਂ ਦੀ ਮੰਗ ਪੂਰੀ ਨਹੀਂ ਹੋਈ। ਉਸ ਵਿੱਚ ਸ਼ਾਮਲ ਹੋ ਕੇ ਆਪਣੀ ਭੁੱਖ ਪੂਰੀ ਕਰ ਲਵੇ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਅਮਰੀਕ ਸਿੰਘ ਅਜਨਾਲਾ ਅਤੇ ਕੁਵਰ ਚੜ੍ਹਤ ਸਿੰਘ ਅਤੇ ਢਡਰੀ ਆਲਾ ਬਾਬਾ ਹਰਨਾਮ ਸਿੰਘ ਵਿਰੁੱਧ ਬੋਲਣ ਤੋਂ ਪਹਿਲਾਂ

# ਆਪਣੇ ਗਿਰੇਬਾਨ ਵਿੱਚ ਝਾਤੀ ਮਾਰਨ : ਭਾਈ ਭਿਓਰਾ





**ਭਾਈ ਭਿਓਰੇ** ਨੇ ਕਿਹਾ ਕਿ ਆਪਣੇ ਗੁਰੂ ਸਾਹਿਬਾਨਾਂ ਦੇ ਨਕਸ਼ੇ ਕਦਮਾਂ ਤੇ ਚਲਦਿਆਂ ਹੋਇਆਂ ਸਿੱਖਾਂ ਦੇ ਅਣਸੁਲਝੇ ਮਸਲਿਆਂ ਨੂੰ ਹੱਲ ਕਰਵਾਉਣ ਲਈ ਸਮੇਂ ਦੀ ਸਰਕਾਰ ਬੀਜੇਪੀ ਦਾ ਸਮਰਥਨ ਕਰਨਾ ਬਾਬਾ ਹਰਨਾਮ ਸਿੰਘ ਖਾਲਸਾ ਜੀ ਦੀ ਦੂਰਅੰਦੇਸ਼ੀ ਨੂੰ ਦਰਸਾਉਂਦਾ ਹੈ। ਪੰਜਵੇਂ ਪਾਤਸ਼ਾਹ ਜੀ ਦੀ ਸ਼ਹਾਦਤ ਅਤੇ ਗਵਾਲੀਅਰ ਦੇ ਕਿਲ੍ਹੇ ਵਿੱਚ ਛੇਵੇਂ ਪਾਤਸ਼ਾਹ ਜੀ ਨੂੰ ਕੈਦ ਕਰਨ ਵਾਲੇ ਜਹਾਂਗੀਰ ਨਾਲ ਵੀ ਛੇਵੇਂ ਪਾਤਸ਼ਾਹ ਜੀ ਵਿਚਰਦੇ ਰਹੇ ਹਨ। ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਔਰਗਜ਼ੇਬ ਨੇ ਸ਼ਹੀਦ ਕਰਵਾਇਆ ਅਤੇ ਉਸ ਔਰਗਜ਼ੇਬ ਦੇ ਫਰਜ਼ੰਦ ਬਹਾਦਰ ਸ਼ਾਹ ਨੂੰ ਦਿੱਲੀ ਦੇ ਤਖ਼ਤ ਤੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਨੇ ਬਿਠਾਇਆ। ਅੱਜ ਦੇ ਸਮੇਂ ਮਹਾਰਾਸ਼ਟਰ ਦੇ ਸ਼ਿਕਲੀਗਰ, ਲੁਬਾਣਾ ਅਤੇ ਬਨਜਾਰਾ ਬਿਰਾਦਰੀ ਦੇ ਸਿੱਖਾਂ ਨੂੰ ਮੁਸ਼ਿਕਲਾਂ ਪੇਸ਼ ਆ ਰਹੀਆਂ ਹਨ ਜਿਨ੍ਹਾਂ ਲਈ ਸਰਕਾਰ ਨਾਲ ਗੱਲਬਾਤ ਕਰਕੇ ਬਾਬਾ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਨੇ ਸਿੱਖਾਂ ਦੀ 11 ਮੈਂਬਰੀ ਕਮੇਟੀ ਬਣਵਾਈ। ਹਜ਼ੂਰ ਸਾਹਿਬ ਜੀ ਦੇ ਪ੍ਰਬੰਧਕੀ ਬੋਰਡ ਵਿਚੋਂ ਗੈਰ ਸਿੱਖ ਨੂੰ ਹਟਵਾ ਕੇ ਗੁਰਸਿੱਖਾਂ ਦੇ ਹੱਥ ਵਿੱਚ ਪ੍ਰਬੰਧਕੀ ਬੋਰਡ ਦੀ ਕਮਾਨ ਦਿੱਤੀ। ਗ.ਰੀਬੀ ਰੇਖਾ ਤੋਂ ਨਿੱਚੇ ਰਹਿ ਰਹੇ ਸਿੱਖਾਂ ਲਈ ਸਰਕਾਰ ਨੇ ਮਕਾਨ ਬਨਾਉਣ ਲਈ ਜ਼ਮੀਨ ਦੇਣ ਦੀ ਰਜ਼ਾਮੰਦੀ ਦਿੱਤੀ, ਬੰਦੀ ਸਿੰਘਾਂ ਦੀ ਰਿਹਾਈ ਲਈ ਮੁੱਦਾ ਚੁੱਕਿਆ। ਅੱਜ ਜਿਹੜੇ ਬਾਬਾ ਹਰਨਾਮ ਸਿੰਘ ਵਿਰੁੱਧ ਕੁ.ਫਰ ਤੌਲ ਰਹੇ ਹਨ ਇਹਨਾਂ ਨੂੰ ਇਸ ਗੱਲ ਦਾ ਸਾੜਾ ਹੈ ਕਿ ਸੰਤਾਂ ਦੇ ਜੱਦੀ ਪਿੰਡ ਚ ਸੰਤ ਭਿੰਡਰਾਂਵਾਲਿਆਂ ਦੇ ਨਾਂ ਤੇ ਗੁਰੂ ਘਰ ਦੀ ਉਸਾਰੀ, ਸ਼ਹੀਦੀ ਗੈਲਰੀ, ਦਰਬਾਰ ਸਾਹਿਬ ਜੀ ਦੀ ਹਦੂਦ ਅੰਦਰ ਜੂਨ 1984 ਦੇ ਸਿੰਘਾਂ ਦੀ ਯਾਦਗਾਰ ਅਤੇ ਹੋਰ ਅਨੇਕਾਂ ਕੰਮ ਜਿਹੜੇ ਬਾਬਾ ਹਰਨਾਮ ਸਿੰਘ ਜੀ ਨੇ ਟਕਸਾਲ ਦੇ ਜੱਥੇ ਦੇ ਸਹਿਯੋਗ ਨਾਲ ਮਿਲਕੇ ਨੇਪਰੇ ਚਾੜ੍ਹਿਆ ਹੈ ਉਸ ਵਿੱਚ ਸਾਡਾ ਰੱਤਾ ਭਰ ਵੀ ਸਹਿਯੋਗ ਨਹੀਂ ਰਿਹਾ ਅਤੇ ਇਤਿਹਾਸ ਵਿੱਚ ਇਹਨਾਂ ਦੀ ਭੂਮਿਕਾ ਜ਼ੀਰੋ ਹੋਣੀਂ ਹੈ। ਬਸ ਇਸੇ ਕਰਕੇ ਇਹ ਲੋਕ ਅਨੇਕਾਂ ਪੰਥਕ ਕਾਰਜ ਕਰਨ ਵਾਲੇ ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਜੀ ਬਾਰੇ ਝੂਠ ਬੋਲ ਕੇ ਸਿੱਖ ਸੰਗਤਾਂ ਨੂੰ ਗੁੰਮਰਾਹ ਕਰ ਰਹੇ ਹਨ।

ਭਾਈ ਭਿਓਰੇ ਨੇ ਮਨਜੀਤ ਸਿੰਘ ਭੂਰਾ ਕੋਹਨਾ ਦੇ ਲੜਕੇ ਨੂੰ ਨਸੀਹਤ ਦਿੰਦਿਆਂ ਕਿਹਾ ਕਿਹਾ ਆਪਣੇ ਕਦ ਤੋਂ ਉਚੀਆਂ ਛਾਲਾਂ ਮਾਰਨ ਤੋਂ ਪਹਿਲਾਂ ਆਪਣੇ ਗਿਰੇਬਾਨ ਚ ਝਾਂਕ ਲੈਣਾਂ ਚਾਹੀਦਾ ਹੈ। ਤੇਰੇ ਬਾਪ ਨੇ ਭਰਾ ਮਾਰੂ ਜੰਗ ਵਿੱਚ ਕੌਮ ਦੇ ਕੌਮੀ ਹੀਰਿਆਂ ਨੂੰ ਮਰਵਾਇਆ ਹੈ। ਤੇਰੇ ਬਾਪ ਨੇ ਸ਼ਹੀਦ ਬਾਬਾ ਗੁਰਬਚਨ ਸਿੰਘ ਮਾਨੋਚਾਹਲ ਨਾਲ ਗ.ਦਾਰੀ ਕੀਤੀ ਸੀ ਜੇ ਇਸ ਨੇ 1992 ਦੀਆਂ ਚੋਣਾਂ ਦੇ ਬਾਈਕਾਟ ਦੀ ਹਿਮਾਇਤ ਨ ਕੀਤੀ ਹੁੰਦੀ ਤਾਂ ਹਜ਼ਾਰਾਂ ਸਿੰਘ ਝੂਠੇ ਪੁਲਿਸ ਮੁਕਾਬਲਿਆਂ ਚ ਨ ਮਾਰੇ ਜਾਂਦੇ। ਇਹ ਸਭ ਗੱਲਾਂ ਜਗ ਜ਼ਾਹਿਰ ਹਨ। ਇਸ ਬਾਰੇ ਸਿੰਘਾਂ ਵਲੋਂ ਅਕਾਲ ਤਖ਼ਤ ਸਾਹਿਬ ਵਿਖੇ ਸਬੂਤ ਵੀ ਦਿੱਤੇ ਗਏ ਹਨ। ਜੇ ਤੁਹਾਡਾ ਜ਼ਮੀਰ ਜਿਉਂਦਾ ਹੁੰਦਾ ਤਾਂ ਤੁਸੀਂ ਮੂਹ ਲੁਕਾ ਕੇ ਘਰੇ ਬੈਠ ਜਾਂਦੇ ਜਾ ਖੁਦਕੁਸ਼ੀ ਕਰ ਲੈਂਦੇ ਪਰ ਜ਼ਮੀਰੋਂ ਮਰੇ ਤੁਸੀਂ ਲੋਕ ਬੇਸ਼ਰਮਾਂ ਵਾਂਗੂ ਸੰਗਤਾਂ ਵਿੱਚ ਤੁਰੇ ਫਿਰਦੇ ਹੋ। ਕੁੰਵਰ ਚੜ੍ਹਤ ਸਿੰਘਾਂ ਚੇਤੇ ਰੱਖੀਂ ਤੇਰਾ ਬਾਪ ਕਹਿੰਦਾਂ ਹੈ ਬਾਦਲ ਕੌਮ ਦੇ ਗਦਾਰ ਹਨ ਉਸੇ ਬਾਦਲ ਨਾਲ ਕਮਾਈ ਕਰਕੇ ਤੇਰੇ ਬਾਪ ਮਨਜੀਤ ਸਿੰਘ ਨੇ ਤੈਨੂੰ ਪਾਲ਼ਿਆ ਹੈ। ਤੇਰੇ ਅੰਦਰ ਦੌੜਦਾ ਖ਼ੂਨ ਉਸੇ ਕਮਾਈ ਦਾ ਹੈ। ਤੇਰੀ ਬਾਬਾ ਹਰਨਾਮ ਸਿੰਘ ਵਿਰੁੱਧ ਬੋਲਣ ਦੀ ਹੈਸੀਅਤ ਹੀ ਨਹੀਂ ਹੈ। ਤੇਰਾ ਸਾਥ ਦੇਣ ਵਾਲੇ ਵੀ ਪਾਪ ਦੇ ਭਾਗੀ ਹਨ। ਤੁਸੀਂ ਸੰਤ ਕਰਤਾਰ ਸਿੰਘ ਭਿੰਡਰਾਂਵਾਲਿਆਂ ਅਤੇ ਸ਼ਹੀਦ ਭਾਈ ਅਮਰੀਕ ਸਿੰਘ ਦੇ ਨਾਂ ਤੇ ਹੀ ਕਮਾਈਆਂ ਕਰ ਰਹੇ ਹੋ ਹੋਰ ਤੁਹਾਡੇ ਪਿਉ- ਪੁੱਤ ਪੱਲੇ ਕੁਝ ਨਹੀਂ ਹੈ।

## ਵਿਚਾਰ ਆਪੋ-ਆਪਣਾ

ਭਾਈ ਭਿਓਰੇ ਨੇ ਕਿਹਾ ਅਸੀਂ ਦੇਸ਼ -ਵਿਦੇਸ਼ ਦੀਆਂ ਸਿੱਖ ਸੰਗਤਾਂ ਨੂੰ ਪੁੱਛਣਾਂ ਚਾਹੁੰਦੇ ਹਾਂ ਕਿ ਰਾਮ ਸਿੰਘ ਸੰਗਰਾਵੇ ਵਾਲਾ ਅਤੇ ਉਸ ਦਾ ਲੜਕਾ ਲੋਕਾਂ ਨੂੰ ਵਿਦੇਸ਼ ਭੇਜਣ ਦੇ ਝੂਠੇ ਲਾਰੇ ਲਗਾ ਕੇ ਲੋਕਾਂ ਦੇ ਲੱਖਾਂ ਰੁਪਏ ਡਕਾਰ ਗਏ ਹਨ ਕਿ ਤੁਹਾਨੂੰ ਇਦਾਂ ਦਾ ਟਕਸਾਲ ਦਾ ਮੁਖੀ ਚਾਹੀਦਾ ਹੈ। ਸਾਡੇ ਕੋਲ ਉਹਨਾਂ ਲੋਕਾਂ ਨੇ ਪਹੁੰਚ ਕੀਤੀ ਹੈ ਜਿਨ੍ਹਾਂ ਦੇ ਪੈਸੇ ਇਹਨਾਂ ਲੋਕਾਂ ਨੇ ਖਾੱਦੇ ਹਨ। ਰਹੀ ਗੱਲ ਅਮਰੀਕ ਸਿੰਘ ਅਜਨਾਲੇ ਦੀ ਇਹ ਸਿਰੇ ਦਾ ਝੂਠਾ ਬੰਦਾਂ ਹੈ। ਇਹ ਸਰਨਿਆਂ ਤੋਂ ਲਿਫ਼ਾਫ਼ਾ ਲੈ ਕੇ ਮੁੱਕਰ ਗਿਆ। ਸਰਨਾ ਭਰਾ ਵੀ ਸਿਆਣੇ ਸੀ ਓਹਨਾਂ ਇਹਨਾਂ ਦੀਆਂ ਲਿਫ਼ਾਫ਼ੇ ਲੈਂਦਿਆਂ ਦੀ ਫੋਟੋ ਖਿਚ ਲਈਆਂ ਸੀ ਜਿਹੜੀਆਂ ਓਹਨਾਂ ਸੋਸ਼ਲ ਮੀਡੀਆ ਤੇ ਜਾਰੀ ਕਰ ਦਿੱਤੀਆਂ ਸੀ। ਇਹ ਬੇਸ਼ਰਮ ਅੱਜ ਤੱਕ ਸੰਤਾਂ ਦੀ ਸ਼ਹੀਦੀ ਬਾਰੇ ਸਿੱਖ ਸੰਗਤਾਂ ਨੂੰ ਗੁੰਮਰਾਹ ਕਰ ਰਿਹਾ ਹੈ। ਬਾਦਲਾਂ ਵੇਲੇ ਹੁੰਦੀਆਂ ਬੇਅਦਬੀ ਬਾਰੇ ਛਾਲਾਂ ਮਾਰਨ ਵਾਲ਼ਾ ਅੱਜ ਕਿਉਂ ਚੁੱਪ ਹੈ ਕਿ ਆਪ ਸਰਕਾਰ ਵੇਲੇ ਬੇਅਦਬੀਆਂ ਨਹੀਂ ਹੋਈਆ। ਦਰ- ਅਸਲ ਇਥੋਂ ਹੱਡੀ ਪੈ ਚੁੱਕੀ ਹੈ। ਇਕ ਹੋਰ ( ਗੇ ਬਾਬਾ ) ਢੱਡਰੀਆਂ ਆਲਾ ਜਿਹੜਾ ਦੋ ਫਾਇਰਾਂ ਚ ਹੀ ਆਪਣੀ ਪਜਾਮੀ ਲਿਬੇੜ ਬੈਠਾ ਸੀ ਭੇਡਾਂ ਚ ਬੈਠਾ ਕਹਿੰਦਾ ਹੈ ਵਿਦੇਸ਼ ਦੀਆਂ ਅਖ਼ਬਾਰਾਂ ਵੇਖ ਲਵੋ ਬਾਬੇ ਧੁੰਮੇ ਬਾਰੇ ਕੀ ਕਹਿੰਦੀਆਂ ਹਨ ਅਸੀਂ ਇਸ ਅਨਪੜ੍ਹ ਅਤੇ ਇਸ ਪਿੱਛੇ ਭੇਡਾਂ ਵਾਂਗੂੰ ਮੈਂ -ਮੈ ਕਰਨ ਵਾਲਿਆਂ ਨੂੰ ਕਹਿਣਾਂ ਚਾਹੁੰਦੇ ਹਾਂ ( ਆਵਾਜ਼ਿ ਕੌਮ ) ਇੰਟਰਨੈਸ਼ਨਲ ਪੇਪਰ ਪੜਿਆ ਕਰੋ ਜਿਹੜੀ ਅਮਰੀਕਾ ਦੀ ਸੰਗਤਾਂ ਨੇ ਬਾਬਾ ਹਰਨਾਮ ਸਿੰਘ ਜੀ ਨੂੰ ਪੰਥਕ ਕਾਰਜਾਂ ਨੂੰ ਮੁੱਖ ਰੱਖਦਿਆਂ ਗੋਲਡ ਮੈਡਲ ਦਿੱਤੇ ਜਾਣ ਕਰਕੇ ਭਰੀ ਪਈ ਹੈ। ਢੱਡਰੀਆਂ ਆਲਿਆਂ ਤੂੰ ਕਹਿੰਦਾ ਮੇਰੇ ਤੇ ਕੋਈ ਦਾਗ. ਨਹੀਂ ਤੈਨੂੰ ਸ਼ਰੀਰਕ ਮੈਡੀਕਲ ਚੈੱਕਅਪ ਲਈ ਵੰਗਾਰ ਪਾਈ ਸੀ ਕਿਉਂਕਿ ਤੇਰੇ ਸਾਥੀ ਬਿੱਟੂ ਨਾਲ ਤੇਰੇ ਸ਼ਰੀਰਕ ਸੰਬੰਧ ਹੋਣ ਦਾ ਰੋਲਾਂ ਪਿਆ ਸੀ ਪਰ ਤੂੰ ਮੈਡੀਕਲ ਚੈੱਕਅਪ ਤੋਂ ਭੱਜ ਗਿਆ ਸੀ ।ਲਾਹਨਤੀਆ ਲੋਕਾਂ ਦੇ ਪੈਸਿਆਂ ਤੇ ਲੱਖਾਂ ਰੁਪੀਏ ਦੇ ਬੂਟ ਪਾ ਕੇ ਕਹਿੰਦਾਂ ਮੇਰੇ ਨਾਂ ਤੇ ਪੰਜ ਹਜ਼ਾਰ ਦੀ ਵੀ ਜ਼ਮੀਨ ਵਿਖਾ ਦੋ। ਇਹ ਫਰੂਟੀ ਆਲੇ ਸਿੰਘਾਂ ਦੀ ਗਲਤੀ ਸੀ ਨਹੀਂ ਤੇ ਤੇਰੇ ਆਲਾ ਕਲੰਕ ਧਰਤੀ ਤੋਂ ਧੋਤਾ ਜਾਣਾ ਸੀ। ਕੋਈ ਨਹੀਂ ਕਾਕਾ ਟਕਸਾਲ ਚ ਹਾਥੀ ਦੇ ਮੱਥੇ ਨੂੰ ਵਿਨੱਣ ਵਾਲੇ ਬਚਿਤ੍ਰ ਸਿੰਘ ਭਰੇ ਪਏ ਹਨ। ਬਾਕੀ ਢਡਰੀ ਤੂੰ ਕਹਿੰਦਾ ਬਾਬਾ ਹਰਨਾਮ ਸਿੰਘ ਦੇ ਅੱਗੇ ਪਿੱਛੇ ਪੁਲਿਸ ਦੀਆਂ ਗੱਡੀਆਂ ਹੁੰਦੀਆਂ ਹਨ ਗੁਰੂ ਸਾਹਿਬ ਜੀ ਦੀ ਹਜ਼ੂਰੀ ਚ ਝੂਠ ਬੋਲਣ ਵਾਲਿਆ ਜਗ ਜ਼ਾਹਿਰ ਹੈ ਪੁਲਿਸ ਦੀ ਸਕਿਉਰਟੀ ਤੂੰ ਲਈ ਫਿਰਦਾਂ ਹੈ ਬਾਬਾ ਹਰਨਾਮ ਸਿੰਘ ਨੂੰ ਸਰਕਾਰੀ ਸਕਿਉਰਟੀ ਦੀ ਲੋੜ ਨਹੀਂ ਹੈ ਉਹਨਾਂ ਨਾਲ ਟਕਸਾਲ ਦੇ ਬੱਬਰ ਸ਼ੇਰਾਂ ਦੀ ਫੌਜ ਹੀ ਬਥੇਰੀ ਹੈ। ਇਸ ਮੌਕੇ ਭਾਈ ਸੁਖਵਿੰਦਰ ਸਿੰਘ ਬਾਊ ( ਉਸਤਾਦ ਮੀਰੀ ਪੀਰੀ ਸ਼ਸਤਰ ਵਿਦਿਆ ਅਕੈਡਮੀ )ਭਾਈ ਗੁਰਜੀਤ ਸਿੰਘ ਭਾਈ ਜਸਪ੍ਰੀਤ ਸਿੰਘ (96 ਕਰੋੜੀ) ਭਾਈ ਤਰਨਜੀਤ ਸਿੰਘ ਭਾਈ ਮਨਮੀਤ ਸਿੰਘ ਭਾਈ ਅਭੀਜੀਤ ਸਿੰਘ ਬੀਬੀ ਜਸਪਾਲ ਕੌਰ ਬੀਬੀ ਰਨਦੀਪ ਕੌਰ ਬੀਬੀ ਕੁਲਦੀਪ ਕੌਰ ਨੇ ਵੀ ਬਾਬਾ ਹਰਨਾਮ ਸਿੰਘ ਜੀ ਵਲੋਂ ਮਹਾਰਾਸ਼ਟਰ ਵਿੱਚ ਬੀਜੇਪੀ ਦੀ ਹਿਮਾਇਤ ਦੀ ਸ਼ਲਾਘਾ ਕੀਤੀ ਜੋ ਉਹਨਾਂ ਮਹਾਰਾਸ਼ਟਰ ਦੇ ਸਿੱਖਾਂ ਨੂੰ ਆ ਰਹੀਆਂ ਮੁਸ਼ਿਕਲਾਂ ਨੂੰ ਹੱਲ ਕਰਵਾਉਣ ਲਈ ਸਰਕਾਰ ਵਲੋਂ ਹਾਂ ਪੱਖੀ ਹੁੰਗਾਰਾ ਮਿਲਣ ਤੇ ਸਰਕਾਰ ਦੀ ਚੋਣਾਂ ਚ ਹਿਮਾਇਤ ਕਰਨ ਦੀ ਹਾਮੀਂ ਭਰੀ। ਅੱਜ਼ ਸ਼ਿਕਲੀਗਰ ਸਮਾਜ ਦੇ ਲੋਕ ਵੀਡੀਓ ਪਾ ਕੇ ਬਾਬਾ ਹਰਨਾਮ ਸਿੰਘ ਜੀ ਦਾ ਧੰਨਵਾਦ ਕਰ ਰਹੇ ਹਨ। ਅਸੀਂ ਅਰਦਾਸ ਕਰਦੇ ਹਾਂ ਬਾਬਾ ਹਰਨਾਮ ਸਿੰਘ ਜੀ ਇਸੇ ਤਰ੍ਹਾਂ ਪੰਥਕ ਕਾਰਜਾਂ ਲਈ ਨੇਪਰੇ ਚਾੜਦੇ ਰਹਿਣ। ਕਰਤਾਰ ਆਪ ਭਲੀ ਕਰੇਗਾ।

**-ਅਵਤਾਰ ਸਿੰਘ ਭਿਓਰਾ, ਮੋ.ਨੰ. 7065379792**

# ਗੁਰੂ ਕਾਸ਼ੀ ਯੂਨੀਵਰਸਿਟੀ ਵੱਲੋਂ ਦੋ ਰੋਜਾ "ਆਇਡੀਆਥੋਨ 2024" ਦਾ ਆਯੋਜਨ







**ਤਲਵੰਡੀ ਸਾਬੋ, 27 ਨਵੰਬਰ (ਗੁਰਜੰਟ ਸਿੰਘ ਨਥੇਹਾ)**- ਦੇਸ਼ ਦੇ ਵਿਕਾਸ ਅਤੇ ਖੁਸ਼ਹਾਲੀ ਲਈ ਗੁਰੂ ਕਾਸ਼ੀ ਯੂਨੀਵਰਸਿਟੀ ਵੱਲੋਂ ਆਈ.ਆਈ.ਸੀ. ਦੇ ਬੈਨਰ ਹੇਠ ਫੈਕਲਟੀ ਆਫ਼ ਐਗਰੀਕਲਚਰ ਤੇ ਐਸ.ਆਈ.ਐਚ ਸੈੱਲ ਵੱਲੋਂ ਆਈ.ਕਿਉ.ਏ.ਸੀ. ਅਤੇ ਸੀ.ਆਈ.ਕਿਉ.ਏ ਵੱਲੋਂ ਦੋ ਰੋਜਾ ਆਇਡੀਆਥੋਨ 2024 ਦਾ ਆਯੋਜਨ ਵਰਸਿਟੀ ਦੇ ਆਡੀਟੋਰੀਅਮ ਵਿਖੇ ਕੀਤਾ ਗਿਆ। ਜਿਸ ਵਿੱਚ ਵੱਖ-ਵੱਖ ਵਿੱਦਿਅਕ ਅਦਾਰਿਆਂ ਦੀਆਂ 24 ਟੀਮਾਂ ਨੇ ਹਿੱਸਾ ਲਿਆ। ਇਸ ਮੌਕੇ ਇਨਾਮ ਵੰਡ ਸਮਾਰੋਹ ਦੇ ਮੁੱਖ ਮਹਿਮਾਨ ਪ੍ਰੋ.(ਡਾ.) ਪੀਯੂਸ਼ ਵਰਮਾ ਕਾਰਜਕਾਰੀ ਉਪ ਕੁਲਪਤੀ ਨੇ ਜੇਤੂਆਂ ਨੂੰ ਇਨਾਮ ਤਕਸੀਮ ਕਰਦੇ ਹੋਏ ਕਿਹਾ ਕਿ ਦੇਸ਼ ਦੀ ਤਰੱਕੀ ਅਤੇ ਖੁਸ਼ਹਾਲੀ ਦੇ ਲਈ ਨਵੀਂ ਤਕਨੀਕ ਅਤੇ ਖੋਜ ਕਾਰਜ ਹੋਣਾ ਜ਼ਰੂਰੀ ਹੈ। ਇਸ ਲਈ ਨੌਜਵਾਨ ਵਿਦਿਆਰਥੀ ਆਪਣੇ ਨਵੇਂ ਆਇਡੀਆ ਤੇ ਖੋਜਾਂ ਦੁਆਰਾ ਦੇਸ਼ ਦੇ ਵਿਕਾਸ ਵਿੱਚ ਯੋਗਦਾਨ ਪਾ ਸਕਦੇ ਹਨ। ਉਨ੍ਹਾਂ ਕਿਹਾ ਕਿ ਭਾਰਤ ਖੇਤੀ ਪ੍ਰਧਾਨ ਦੇਸ਼ ਹੈ ਇਸ ਲਈ ਖੇਤੀ ਵਿੱਚ ਵਿਕਾਸ ਅਤੇ ਖੋਜ ਦੀਆਂ ਬਹੁਤ ਸੰਭਾਵਨਾਵਾਂ ਹਨ, ਸੋ ਨਵੀਆਂ ਖੋਜਾਂ ਰਾਹੀਂ ਇਸ ਖੇਤਰ ਵਿੱਚ ਰੁਜ਼ਗਾਰ ਦੇ ਕਈ ਨਵੇਂ ਰਸਤੇ ਖੁੱਲ੍ਹਦੇ ਹਨ ਅਤੇ ਸਵੈ ਰੁਜ਼ਗਾਰ ਦੀਆਂ ਨਵੀਆਂ ਸੰਭਾਵਨਾਵਾਂ ਪੈਦਾ ਹੁੰਦੀਆਂ ਹਨ। ਉਨ੍ਹਾਂ ਕਿਹਾ ਕਿ ਜੇਕਰ ਵਿਦਿਆਰਥੀਆਂ ਵੱਲੋਂ ਦਿੱਤੇ ਗਏ ਨਵੀਨਤਾਕਾਰੀ ਵਿਚਾਰਾਂ ਨੂੰ ਅਮਲੀ ਜਾਮਾ ਪਹਿਨਾਇਆ ਜਾਵੇ ਤਾਂ ਪੰਜਾਬ ਦੀ ਕਿਸਾਨੀ ਖੁਸ਼ਹਾਲ ਹੋ ਸਕਦੀ ਹੈ। ਨਤੀਜਿਆਂ ਬਾਰੇ ਜਾਣਕਾਰੀ ਦਿੰਦਿਆਂ ਡਾ. ਵਿਕਾਸ ਗੁਪਤਾ ਕਨਵੀਨਰ ਆਈ.ਆਈ.ਸੇ, ਡਾ. ਸੰਦੀਪ ਸ਼ਰਮਾ, ਡਾ. ਦਿਨੇਸ਼ ਕੁਮਾਰ ਤੇ ਡਾ. ਸ਼ਾਲੂ ਕੁਆਰਡੀਨੇਟਰ ਨੇ ਦੱਸਿਆ ਕਿ ਰਾਹੁਲ ਮੰਨਾ ਤੇ ਮੁਜਾਮਿਲ ਸ਼ਕੀਲ ਜੀ.ਕੇ.ਯੂ. ਦੀ ਟੀਮ ਨੇ ਈਕੋ ਫਰੈਸ਼ ਸਮਾਰਟ ਇੰਡੀਕੇਟਰ ਪੈਕੇਜ਼ਿੰਗ ਵਿਸ਼ੇ ਤੇ ਪ੍ਰੈਜੇਨਟੇਸ਼ਨ ਤੇ 2100 ਰੁਪਏ ਦਾ ਪਹਿਲਾ ਨਗਦ ਇਨਾਮ ਹਾਸਿਲ ਕੀਤਾ। ਲਵਪ੍ਰੀਤ ਸਿੰਘ ਤੇ ਬਲਜਿੰਦਰ ਸਿੰਘ, ਬਾਬਾ ਫਰੀਦ ਗਰੁੱਪ ਆਫ਼ ਇੰਸਟੀਚਿਉਟ ਦਿਉਣ ਦੀ ਟੀਮ ਨੇ ਦੂਜਾ 1100 ਰੁਪਏ ਦਾ ਨਗਦ ਇਨਾਮ ਹਾਸਿਲ ਕੀਤਾ। ਇਸ ਟੀਮ ਨੇ ਫਲਦਾਰ ਬੂਟਿਆਂ ਨੂੰ ਕੀੜੇ ਮਕੌੜਿਆਂ ਤੋਂ ਬਚਾਉਣ ਲਈ ਫਰੂਟ ਐਕਸਟਰਕਟ ਦੇ ਇਸਤੇਮਾਲ ਰਾਹੀਂ ਉਨ੍ਹਾਂ ਦੀ ਰੋਕਥਾਮ ਦਾ ਆਇਡੀਆ ਦਿੱਤਾ। ਇਨਾਮ ਵੰਡ ਸਮਾਰੋਹ ਵਿੱਚ ਡਾ. ਅਮ੍ਰਿਤਪਾਲ ਸਿੰਘ ਬਰਾੜ, ਡੀਨ ਫੈਕਲਟੀ ਆਫ਼ ਐਗਰੀਕਲਚਰ, ਵੱਖ-ਵੱਖ ਵਿਭਾਗਾਂ ਦੇ ਡੀਨ, ਫੈਕਲਟੀ ਮੈਂਬਰਾਂ ਅਤੇ ਵਿਦਿਆਰਥੀਆਂ ਨੇ ਹਿੱਸਾ ਲਿਆ। ਆਯੋਜਕਾਂ ਵੱਲੋਂ ਸਾਰੇ ਵਿਦਿਆਰਥੀਆਂ ਨੂੰ ਸਰਟੀਫਿਕੇਟ ਨਾਲ ਸਨਮਾਨਿਤ ਕੀਤਾ ਗਿਆ।

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ AWAZE QAUM International Newspaper & WEB TV
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

# ਯਾਦਵਿੰਦਰਾ ਇੰਜੀਨੀਅਰਿੰਗ ਵਿਭਾਗ ਵੱਲੋਂ ਕਰਵਾਏ 'ਦਿਵਾਲੀ ਫੈਸਟੀਵਲ 2024' ਨੇ ਬੰਨ੍ਹੀਆਂ ਰੌਣਕਾਂ

**ਤਲਵੰਡੀ ਸਾਬੋ, 27 ਨਵੰਬਰ (ਗੁਰਜੰਟ ਸਿੰਘ ਨਥੇਹਾ)**- ਪੰਜਾਬੀ ਯੂਨੀਵਰਸਿਟੀ ਗੁਰੂ ਕਾਸ਼ੀ ਕੈਂਪਸ, ਤਲਵੰਡੀ ਸਾਬੋ ਦੇ ਯਾਦਵਿੰਦਰਾ ਇੰਜੀਨੀਅਰਿੰਗ ਵਿਭਾਗ, ਤਲਵੰਡੀ ਸਾਬੋ ਵੱਲੋਂ ਦਿਵਾਲੀ ਦੇ ਪਾਵਨ ਤਿਉਹਾਰ ਨੂੰ ਸਮਰਪਿਤ ਕਰਕੇ 'ਦਿਵਾਲੀ ਫੈਸਟ-2024' ਦਾ ਸਫ਼ਲਤਾਪੂਰਵਕ ਆਯੋਜਨ ਕਰਵਾਇਆ ਗਿਆ। ਇਹ ਦਿਵਾਲੀ ਫੈਸਟ ਵਿਭਾਗ ਦੇ ਕਲਚਰਲ ਕਲੱਬ ਅਤੇ ਹਾਬੀ ਕਲੱਬ ਦੇ ਪ੍ਰਧਾਨ ਡਾ. ਰਾਜਭੁਪਿੰਦਰ ਕੌਰ ਅਤੇ ਇੰਜੀ. ਗੁਰਪ੍ਰੀਤ ਭਾਰਤੀ ਦੀ ਅਗਵਾਈ ਹੇਠ ਵਿਦਿਆਰਥੀ ਮੈਬਰਾਂ ਦੇ ਸਹਿਯੋਗ ਨਾਲ ਕਰਵਾਇਆ ਗਿਆ ।ਸਮਾਗਮ ਦੌਰਾਨ ਵਿਦਿਆਰਥੀਆਂ ਚ ਵੱਖ-ਵੱਖ ਮੁਕਾਬਲੇ ਵੀ ਕਰਵਾਏ ਗਏ। ਮਹਿੰਦੀ ਮੁਕਾਬਲੇ ਵਿੱਚ ਲਕਸ਼ਿਤਾ ਨੇ ਪਹਿਲਾ, ਜਸਮੀਤ ਕੌਰ ਨੇ ਦੂਸਰਾ ਅਤੇ ਸਰਬਜੀਤ ਕੌਰ ਨੇ ਤੀਜਾ ਸਥਾਨ ਹਾਸਲ ਕੀਤਾ। ਲੋਕ ਨਾਚ ਮੁਕਾਬਲੇ (ਕੁੜੀਆਂ) ਵਿੱਚ ਪਹਿਲਾ ਸਥਾਨ ਚੇਤਨਾ ਸ਼ਰਮਾਂ ਅਤੇ ਸੁਖਮਨਪ੍ਰੀਤ ਕੌਰ ਨੇ ਹਾਸਲ ਕੀਤਾ ਜਦੋਂਕਿ ਮੁੰਡਿਆਂ ਦੇ ਮੁਕਾਬਲੇ ਵਿੱਚ ਪਹਿਲਾ ਸਥਾਨ ਅਨਮੋਲਪ੍ਰੀਤ ਸਿੰਘ ਅਤੇ ਦੂਸਰਾ ਸਥਾਨ ਦਿਉਸ਼ ਨੇ ਹਾਸਲ ਕੀਤਾ। ਲੋਕ ਗੀਤ ਮੁਕਾਬਲਿਆ ਵਿੱਚ ਪਹਿਲਾ ਸਥਾਨ ਅਫਰੀਨ ਬੇਗਮ, ਦੂਸਰਾ ਗੌਰੀ ਕੌਰ ਅਤੇ ਤੀਸਰਾ ਖੁਸ਼ਪ੍ਰੀਤ ਕੌਰ ਨੇ ਪ੍ਰਾਪਤ ਕੀਤਾ। ਇਨ੍ਹਾ ਪ੍ਰਤਿਯੋਗਤਾਵਾਂ ਵਿੱਚ ਸਭ ਤੋਂ ਖਿੱਚ ਦਾ ਕੇਂਦਰ ਰਿਹਾ ਪੰਜਾਬ ਦਾ ਲੋਕ ਨਾਚ 'ਭੰਗੜਾ' ਜੋ ਕਿ ਵਿਭਾਗ ਦੇ ਪਹਿਲੇ ਸਾਲ ਦੇ ਵਿਦਿਆਰਥੀਆਂ ਵੱਲੋਂ ਪੇਸ਼ ਕੀਤਾ ਗਿਆ ਅਤੇ ਪਹਿਲੇ ਸਥਾਨ ਤੇ ਰਹੇ। ਇਸ ਗਰੁੱਪ ਦਾ ਨਾਮ ਆਰ.ਵੀ. ਭੰਗੜਾ ਗਰੁੱਪ ਸੀ। ਇਸ ਤੋਂ ਇਲਾਵਾ ਸ਼ਾਇਰੀ ਮੁਕਾਬਲੇ ਵਿੱਚ ਪਹਿਲਾ ਸਥਾਨ ਅੰਜਲੀ, ਦੂਸਰਾ ਸਥਾਨ ਖੁਸ਼ਮੀਨ ਅਤੇ ਤੀਸਰਾ ਸਥਾਨ ਯਾਦਵਿੰਦਰ ਸ਼ਰਮਾਂ ਨੇ ਹਾਸਲ ਕੀਤਾ। ਵਿਦਿਆਰਥੀਆਂ ਨੇ ਸਭ ਪ੍ਰਤਿਯੋਗਤਾਵਾਂ ਵਿੱਚ ਵੱਧ-ਚੜ੍ਹ ਕੇ ਹਿੱਸਾ ਲਿਆ ਅਤੇ ਦਿਵਾਲੀ ਦੇ ਤਿਉਹਾਰ ਦੇ ਸਮਾਜਿਕ ਪ੍ਰਭਾਵਾਂ ਬਾਰੇ ਜਾਣਕਾਰੀ ਸਾਂਝੀ ਕੀਤੀ। ਵਿਭਾਗ ਦੇ ਮੁਖੀ ਡਾ. ਸਿੰਪਲ ਰਾਣੀ ਨੇ ਪ੍ਰਤਿਯੋਗਤਾਵਾਂ ਦੇ ਜੇਤੂ ਅਤੇ ਬਾਕੀ ਹਿੱਸਾ ਲੈਣ ਵਾਲੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਇਨਾਮ ਤਕਸੀਮ ਕਰਕੇ ਹੌਸਲਾ ਅਫਜ਼ਾਈ ਕਰਦਿਆਂ ਅੱਗੇ ਤੋਂ ਵੀ ਇੰਨਾ ਪ੍ਰਤੀਯੋਗਤਾਵਾਂ ਵਿੱਚ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ ।ਕੈਂਪਸ ਡਾਇਰੈਕਟਰ ਪ੍ਰੋਫੈਸਰ (ਡਾ. ਕੰਵਲਜੀਤ ਸਿੰਘ) ਨੇ ਆਪਣੇ ਸੰਦੇਸ਼ ਵਿੱਚ ਦਿਵਾਲੀ ਫੈਸਟ ਦੇ ਪ੍ਰਬੰਧਕਾਂ ਅਤੇ ਜੇਤੂ ਵਿਦਿਆਰਥੀਆਂ ਨੂੰ ਸੁਭ ਕਾਮਨਾਵਾਂ ਦਿੱਤੀਆਂ।



13ਵੇਂ ਨਾਟਿਅਮ ਨੈਸ਼ਨਲ ਥੀਏਟਰ ਫੈਸਟੀਵਲ ਦੇ ਤੇਰ੍ਹਵੇਂ ਦਿਨ ਨਾਟਕ 'ਬਾਜ਼ੀ' ਦੀ ਪੇਸ਼ਕਾਰੀ

# ਸਹੀ ਅਰਥਾਂ ਵਿੱਚ ਜੀਵਨ ਜਿਉਣ ਦੇ ਢੰਗ ਦੀ ਕਹਾਣੀ ਪੇਸ਼ ਕਰਦਾ ਹੈ ਨਾਟਕ







**ਬਠਿੰਡਾ, 27 ਨਵੰਬਰ (ਆਵਾਜ਼ਿ ਕੌਮ ਬਿਊਰੋ)**-ਬਲਵੰਤ ਗਾਰਗੀ ਆਡੀਟੋਰੀਅਮ ਬਠਿੰਡਾ ਵਿਖੇ ਉੱਤਰ ਖੇਤਰ ਸੱਭਿਆਚਾਰਕ ਕੇਂਦਰ ਪਟਿਆਲਾ ਅਤੇ ਸੱਭਿਆਚਾਰ ਮੰਤਰਾਲਾ ਭਾਰਤ ਸਰਕਾਰ ਦੇ ਸਹਿਯੋਗ ਨਾਲ਼ ਚੱਲ ਰਹੇ 13ਵੇਂ ਨਾਟਿਅਮ ਨੈਸ਼ਨਲ ਥੀਏਟਰ ਫੈਸਟੀਵਲ ਦੇ ਤੇਰ੍ਹਵੇਂ ਦਿਨ ਐਂਟੋਨ ਸ਼ੈਕੋਵ ਦੀ ਕਹਾਣੀ 'ਦ ਬੈੱਟ' 'ਤੇ ਅਧਾਰਿਤ ਨਾਟਕ 'ਬਾਜ਼ੀ' ਦਾ ਮੰਚਨ ਕੀਤਾ ਗਿਆ। ਅਵਿਨਾਸ਼ ਚੰਦਰ ਮਿਸ਼ਰਾ ਵੱਲੋਂ ਹਿੰਦੀ 'ਚ ਰੂਪਾਂਤਰ ਕੀਤੇ ਇਸ ਨਾਟਕ ਨੂੰ ਬੈਕਸਟੇਜ ਪ੍ਰਿਆਗਰਾਜ ਅਲਹਾਬਾਦ ਉੱਤਰ ਪ੍ਰਦੇਸ਼ ਦੀ ਟੀਮ ਨੇ ਪ੍ਰਵੀਨ ਸ਼ੇਖ਼ਰ ਦੇ ਨਿਰਦੇਸ਼ਨ ਹੇਠ ਖੇਡਿਆ।ਨਾਟਕ ਮੌਤ ਦੀ ਸਜ਼ਾ ਅਤੇ ਉਮਰ ਕੈਦ ਵਿਚਕਾਰ ਦਿਲਚਸਪ ਬਿਰਤਾਂਤ, ਬਿਰਤਾਂਤ ਅਤੇ ਬਹਿਸ ਨਾਲ ਅੱਗੇ ਵਧਦਾ ਹੈ ਅਤੇ ਜੀਵਨ ਦੇ ਅਰਥਾਂ ਦੀ ਗੱਲ ਕਰਕੇ ਸਮਾਪਤ ਹੁੰਦਾ ਹੈ।ਇਸ ਕਹਾਣੀ ਦੀ ਭਾਵਨਾ ਵਿਚ ਮਨੁੱਖਤਾ ਦਾ ਤੱਤ ਏਨਾ ਡੂੰਘਾ ਹੈ ਕਿ ਲੇਖਕ ਨੇ ਅਤਿਅੰਤ ਦੁਖਦਾਈ ਸਥਿਤੀਆਂ ਵਿਚ ਵੀ ਸੂਰਜ ਦੀ ਰੌਸ਼ਨੀ ਅਤੇ ਸੁੰਦਰਤਾ ਦੇ ਸਦੀਵੀ ਗੁਣ ਨੂੰ ਦੇਖਿਆ ਹੈ। ਅਦਾਕਾਰਾਂ ਨੇ ਆਪਣੀ ਕੁਦਰਤੀ ਅਦਾਕਾਰੀ ਨਾਲ਼ ਦਰਸ਼ਕਾਂ ਨੂੰ ਕੀਲ ਲਿਆ।

ਤੇਰ੍ਹਵੇਂ ਦਿਨ ਵਿੱਚ ਪ੍ਰਵੇਸ਼ ਕਰ ਚੁੱਕੇ ਇਸ ਥੀਏਟਰ ਫੈਸਟੀਵਲ ਵਿੱਚ ਡਿਪਟੀ ਕਮਿਸ਼ਨਰ ਮੁਕਤਸਰ ਸਾਹਿਬ ਸ਼੍ਰੀ ਰਾਜੇਸ਼ ਤ੍ਰਿਪਾਠੀ, ਆਈ ਏ ਐੱਸ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਡਾ. ਅਨੁਰਾਧਾ ਭਾਟੀਆ ਪ੍ਰਿੰਸੀਪਲ ਡੀ.ਏ.ਵੀ. ਸਕੂਲ ਬਠਿੰਡਾ ਅਤੇ ਸ਼੍ਰੀਮਤੀ ਰਿਤੂ ਨੰਦਾ ਪ੍ਰਿੰਸੀਪਲ ਦਸ਼ਮੇਸ਼ ਗਰਲਜ਼ ਪਬਲਿਕ ਸਕੂਲ ਬਠਿੰਡਾ ਵਿਸ਼ੇਸ਼ ਮਹਿਮਾਨ ਵਜੋਂ ਪੁੱਜੇ।

ਨਾਟਿਅਮ ਦੇ ਪੇਟਰਨ ਡਾ. ਕਸ਼ਿਸ਼ ਗੁਪਤਾ, ਸੁਦਰਸ਼ਨ ਗਰਗ ਅਤੇ ਡਾ. ਪੂਜਾ ਗੁਪਤਾ ਨੇ ਸਾਂਝੇ ਤੌਰ 'ਤੇ ਆਏ ਹੋਏ ਮਹਿਮਾਨਾਂ ਦਾ ਸੁਆਗਤ ਕੀਤਾ। ਇਸ ਮੌਕੇ ਬੋਲਦਿਆਂ ਸ਼੍ਰੀ ਰਾਜੇ. ਤ੍ਰਿਪਾਠੀ ਨੇ ਕਿਹਾ ਬਠਿੰਡਾ ਵਾਸੀ ਭਾਗਾਂ ਵਾਲ਼ੇ ਨੇ ਕਿ ਉਨ੍ਹਾਂ ਦੇ ਹਿੱਸੇ ਇੰਨ੍ਹਾਂ ਸ਼ਾਨਦਾਰ ਆਡੀਟੋਰੀਅਮ ਆਇਆ। ਉਨ੍ਹਾਂ ਕਿਹਾ ਕਿ ਰੰਗਮੰਚ ਅਦਾਕਾਰੀ ਦੀ ਕਲਾ ਦੀ ਬੁਨਿਆਦ ਹੈ। ਉਨ੍ਹਾਂ ਨਾਟਿਅਮ ਡਾਇਰੈਕਟਰ ਕੀਰਤੀ ਕਿਰਪਾਲ ਸਮੇਤ ਪੂਰੀ ਨਾਟਿਅਮ ਟੀਮ ਨੂੰ ਇਸ ਬੁਨਿਆਦ ਨੂੰ ਹੋਰ ਮਜ਼ਬੂਤ ਕਰਨ ਦੇ ਉਪਰਾਲਿਆਂ ਲਈ ਵਧਾਈ ਦਿੱਤੀ।

ਸ. ਕੀਰਤੀ ਕਿਰਪਾਲ ਨੇ ਆਪਣੇ ਧੰਨਵਾਦੀ ਸ਼ਬਦਾਂ 'ਚ ਆਏ ਹੋਏ ਮਹਿਮਾਨਾਂ ਦਾ ਸ਼ੁਕਰੀਆ ਅਦਾ ਕੀਤਾ ਅਤੇ ਨਾਟਕਾਂ ਦੇ ਵੱਖ-ਵੱਖ ਰੰਗ ਮਾਣਨ ਵੱਡੀ ਗਿਣਤੀ 'ਚ ਆ ਰਹੇ ਦਰਸ਼ਕਾਂ ਦੀ ਹਾਜ਼ਰੀ 'ਤੇ ਤਸੱਲੀ ਪ੍ਰਗਟਾਈ। ਇਸ ਮੌਕੇ ਨਾਟਿਅਮ ਥੀਏਟਰ ਫੈਸਟੀਵਲ ਨੂੰ ਵਿੱਤੀ ਸਹਿਯੋਗ ਦੇਣ ਵਾਲ਼ੇ ਚਾਰਟਡ ਅਕਾਊਟੈਂਟ ਵਿਜੈ ਰਾਜ ਜਿੰਦਲ, ਸ. ਹਰਪ੍ਰੀਤ ਸਿੰਘ ਐੱਮ.ਡੀ ਚੰਡੀਗੜ੍ਹ ਮੋਟਰਜ਼, ਡਾ. ਆਯੂਸ਼ ਮੱਕੜ ਡਾਇਰੈਕਟਰ ਬਾਲਾਜੀ ਕੈਂਸਰ ਕੇਅਰ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਮੰਚ ਸੰਚਾਲਕ ਦੀ ਭੂਮਿਕਾ ਪ੍ਰੋਫੈਸਰ ਸੰਦੀਪ ਸਿੰਘ ਨੇ ਨਿਭਾਈ।

ਇਸ ਦੌਰਾਨ ਨਾਟਿਅਮ ਪ੍ਰਧਾਨ ਸੁਰਿੰਦਰ ਕੌਰ, ਈਵੈਂਟ ਮੈਨੇਜਰ ਗੁਰਨੂਰ ਸਿੰਘ, ਸਮੂਹ ਅਦਾਕਾਰ ਨਾਟਿਅਮ ਗਰੁੱਪ ਤੋਂ ਇਲਾਵਾ ਸ਼ਹਿਰ ਦੀਆਂ ਪ੍ਰਮੁੱਖ ਸਾਹਿਤਕ ਹਸਤੀਆਂ ਵੀ ਮੌਜੂਦ ਸਨ। **-ਅਮਰਜੀਤ ਸਿੰਘ ਜੀਤ, 94172 87122**

ਆਵਾਜ਼ਿ ਕੌਮ AWAZE QAUM International Newspaper & WEB TV

# ਸੰਤ ਬਾਬਾ ਨਾਹਰ ਸਿੰਘ ਜੀ ਸਨੇਰਾ ਵਾਲਿਆਂ ਦੀ 17ਵੀਂ ਸਲਾਨਾ ਬਰਸੀ ਸਮਾਗਮ ਗੁਰਦੁਆਰਾ ਬਾਬੇ ਕੇ ਹੋਕਲੀ ਯੂ. ਕੇ.ਵਿਖੇ 26 ਨਵੰਬਰ ਤੋਂ ਇਕ ਦਸੰਬਰ ਦੀ ਪਹਿਲੀ ਲੜੀ ਦੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ



**ਫਿਰੋਜ਼ਪੁਰ, 27 ਨਵੰਬਰ (ਮਨੋਹਰ ਲਾਲ)**-ਸੰਤ ਬਾਬਾ ਨਾਹਰ ਸਿੰਘ ਜੀ ਸਨੇਰ ਵਾਲਿਆਂ ਦੀ 17ਵੀਂ ਸਲਾਨਾ ਬਰਸੀ ਸਮਾਗਮ ਗੁਰਦੁਆਰਾ ਬਾਬੇ ਕੇ ਹੋਕਲੀ ਸੋਹੇ ਹਿੱਲ ਬੀ 19 ਏ. ਏ. ਬਰਮਿਘਮ ਯੂ. ਕੇ. ਵਿਖੇ 26 ਨਵੰਬਰ ਤੋਂ ਇਕ ਦਸੰਬਰ ਦੀ ਪਹਿਲੀ ਲੜੀ ਦੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ । ਭੋਗ ਉਪਰੰਤ ਦੀਵਾਨ ਸਜਾਏ ਗਏ। ਭਾਈ ਪ੍ਰਸਿੱਧ ਢਾਡੀ ਜਥੇ ਮੁਖਤਿਆਰ ਸਿੰਘ ਜੀ ਜਬਰ ਢਾਡੀ ਜਥਾ ਮਖੂ ਦੇ ਇਨ੍ਹਾਂ ਦਾ ਲੜਕਾ ਰਮਨ ਪਾਲ ਸਿੰਘ ਨੇ ਸਿਮਰਨਪਾਲ ਸਿੰਘ ਸਪੁੱਤਰ ਜਸਵਿੰਦਰ ਸਿੰਘ ਕਾਲਾ ਨੂੰ ਵਿਆਹ ਦਾ ਗਿਫਟ ਸਰੰਗੀ ਭੇਟ ਕੀਤੀ। ਇਸ ਮੌਕੇ ਤੇ ਸੰਤ ਬਾਬਾ ਸੁਖਜੀਤ ਸਿੰਘ ਜੀ ਸੀਜੇ ਵਾਲਾ ਸਾਹਿਬ, ਸੰਤ ਬਾਬਾ ਹਰਜੀਤ ਸਿੰਘ ਸਿੰਘ ਜੀ ਮਹਿਤਾ ਚੋਂਕ ਵਾਲੇ, ਗੁਰਪ੍ਰੀਤ ਸਿੰਘ ਗੋਪੀ, ਜਸਵਿੰਦਰ ਸਿੰਘ ਕਾਲਾ ਤੇ ਮਨਜੀਤ ਸਿੰਘ ਭੋਗਲ ਸੀਨੀਅਰ ਐਡੋਵਕੇਟ ਅਤੇ ਪ੍ਰਿਤਪਾਲ ਸਿੰਘ ਧੰਜਲ, ਸੁਖਪਾਲ ਸਿੰਘ ਸੁੱਖਾ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਆਗੂ ਹਾਜ਼ਰ ਸਨ। ਇਸ ਮੌਕੇ ਤੇ ਪਹਿਲੀ ਲੜਕੀ ਦੇ ਭੋਗ ਪਾਏ ਗਏ ਅਤੇ ਹਰ ਰੋਜ਼ ਭਾਈ ਮੁਖਤਿਆਰ ਸਿੰਘ ਜੀ ਜੱਫਰ ਦਾ ਢਾਡੀ ਜਥਾ ਹਰ ਰੋਜ਼ ਢਾਡੀ ਵਾਰਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਤੇ ਪਹਿਲੀ ਲੜੀ ਵਿਚ 5 ਸ੍ਰੀ ਅਖੰਡ ਪਾਠਾਂ ਦੇ ਭੋਗ ਪਾਏ ਗਏ। ਇਸ ਤੋਂ ਇਾਲਾਵਾ ਦ ਪਾਠਾਂ ਦੀ ਲੜੀ ਆਰੰਭ ਕੀਤੀ ਗਈ। ਅਮਨ ਅਵਤਾਰ ਸਿੰਘ ਜੀ ਨੇ ਸਿਮਰਨਪਾਲ ਸਿੰਘ ਦੇ ਵਿਆਹ ਦੀ ਖੁਸ਼ੀ ਵਿਚ ਸਰੰਗੀ ਨਾਲ ਸਨਮਾਨਿਤ ਕੀਤਾ। ਇਸ ਮੌਕੇ ਤੇ ਗੁਰੂ ਕਾ ਲੰਗਰ ਚਾਹ, ਪਕੌੜਿਆ ਦਾ ਲੰਗਰ ਅਤੇ ਹੋਰ ਕਈ ਪ੍ਰਕਾਰ ਦੇ ਲੰਗਰ ਅਤੁੱਟ ਵਰਤਾਏ ਗਏ।

ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243
ਆਵਾਜ਼ਿ ਕੌਮ AWAZE QAUM International Newspaper & WEB TV

ਪੰਜ ਰੋਜ਼ਾ ਨਾਟ ਉਤਸਵ ਦੇ ਦੂਜੇ ਪੜਾਅ ਦੌਰਾਨ ਸਟੇਜੀ ਨਾਟਕਾਂ ਦਾ ਜਸਵੰਤ ਜ਼ਫਰ ਵੱਲੋਂ ਉਦਘਾਟਨ

# ਪੰਜਾਬੀ ਮਾਹ ਦੇ ਰਾਜ-ਪੱਧਰੀ ਨਾਟ ਉਤਸਵ ਵਿੱਚ 'ਮਾਂ ਨਾ ਬੇਗਾਨੀ ਹੋ' ਨਾਟਕ ਦੀ ਪੇਸ਼ਕਾਰੀ







**ਬਠਿੰਡਾ, 27 ਨਵੰਬਰ (ਆਵਾਜ਼ਿ ਕੌਮ ਬਿਊਰੋ)**-ਮੁੱਖ ਮੰਤਰੀ ਸ. ਭਗਵੰਤ ਮਾਨ ਅਤੇ ਉੱਚੇਰੀ ਸਿੱਖਿਆ ਅਤੇ ਭਾਸ਼ਾਵਾਂ ਮੰਤਰੀ ਸ. ਹਰਜੋਤ ਸਿੰਘ ਬੈਂਸ ਦੀ ਰਹਿਨੁਮਾਈ ਹੇਠ ਭਾਸ਼ਾ ਵਿਭਾਗ ਪੰਜਾਬ ਦੀ ਯੋਗ ਅਗਵਾਈ ਵਿੱਚ ਜ਼ਿਲ੍ਹਾ ਭਾਸ਼ਾ ਦਫ਼ਤਰ ਬਠਿੰਡਾ ਵੱਲੋਂ ਅੱਜ ਪੰਜਾਬੀ ਮਾਹ ਅਧੀਨ ਰਾਜ ਪੱਧਰੀ ਨਾਟ-ਉਤਸਵ ਦੇ ਤੀਜੇ ਦਿਨ ਸਟੇਜੀ ਨਾਟਕਾਂ ਦਾ ਉਦਘਾਟਨ ਡਾਇਰੈਕਟਰ ਭਾਸ਼ਾ ਵਿਭਾਗ ਜਸਵੰਤ ਜ਼ਫ਼ਰ ਵੱਲੋਂ ਰਜਿੰਦਰਾ ਕਾਲਜ ਬਠਿੰਡਾ ਵਿਖੇ ਕੀਤਾ ਗਿਆ। ਉਨ੍ਹਾਂ ਨਾਲ਼ ਡਿਪਟੀ ਡਾਇਰੈਕਟਰ ਭਾਸ਼ਾ ਵਿਭਾਗ ਸ. ਸਤਨਾਮ ਸਿੰਘ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਅੱਜ ਸਟੇਜੀ ਨਾਟਕਾਂ ਦੀ ਲੜੀ ਤਹਿਤ ਨਾਟਕਵਾਲਾ ਥੀਏਟਰ ਟੀਮ ਪਟਿਆਲਾ ਵੱਲੋਂ ਸੁਰਿੰਦਰ ਬਾਠ ਵੱਲੋਂ ਲਿਖੇ ਨਾਟਕ 'ਮਾਂ ਨਾ ਬੇਗਾਨੀ ਹੋ' ਨੂੰ ਰਾਜੇਸ਼ ਸ਼ਰਮਾ ਦੇ ਨਿਰਦੇਸ਼ਨ ਹੇਠ ਖੇਡਿਆ।ਇਹ ਨਾਟਕ ਅਸਲ ਵਿੱਚ ਪੂਰੀ ਦੁਨੀਆਂ ਦੀਆਂ ਲੋਕ-ਭਾਸ਼ਾਵਾਂ ਨਾਲ ਹੋ ਰਹੇ ਵਿਤਕਰੇ ਦਾ ਇਕ ਨਮੂਨਾ ਹੈ। ਸਮੁੱਚੇ ਤੌਰ ਉੱਤੇ ਸਾਰੇ ਸੰਸਾਰ ਵਿੱਚ ਲੋਕ-ਭਾਸ਼ਾਵਾਂ ਨੂੰ ਖ਼ਤਮ ਕਰਕੇ ਸੰਸਾਰ ਪੱਧਰ ਉੱਤੇ ਇਕ ਖ਼ਾਸ ਭਾਸ਼ਾ ਦੀ ਦਾਦਾਗਿਰੀ ਥੋਪੀ ਜਾ ਰਹੀ ਹੈ,ਪੰਜਾਬੀ ਦੇ ਇਸ ਨਾਟਕ ਵਿੱਚ ਪੰਜਾਬੀ ਭਾਸ਼ਾ ਦੇ ਨਿਘਾਰ ਦੇ ਕੁਝ ਕਾਰਣਾਂ ਅਤੇ ਉਹਨਾਂ ਹਾਲਤਾਂ ਦੇ ਨਾਲ-ਨਾਲ ਸਭ ਕਾਸੇ ਲਈ ਜ਼ਿੰਮੇਵਾਰ ਇਨਸਾਨਾਂ ਦੇ ਰਵੱਈਏ ਉੱਪਰ ਚਾਨਣਾਂ ਪਾਇਆ ਗਿਆ ਹੈ। ਜ਼ਿਲ੍ਹਾ ਭਾਸ਼ਾ ਅਫ਼ਸਰ ਕੀਰਤੀ ਕਿਰਪਾਲ ਨੇ ਆਏ ਹੋਏ ਮਹਿਮਾਨਾਂ ਦੀ ਸੁਆਗਤ ਕਰਦਿਆਂ ਕਿਹਾ ਕਿ ਸਥਾਪਿਤ ਸਾਹਿਤਕਾਰ, ਚਿੱਤਰਕਾਰ ਅਤੇ ਕਾਰਟੂਨਿਸਟ ਸ. ਜਸਵੰਤ ਜ਼ਫ਼ਰ ਦੀ ਅਗਵਾਈ ਭਾਸ਼ਾ ਵਿਭਾਗ ਅਤੇ ਸਾਡੇ ਸਾਰਿਆਂ ਲਈ ਬੜੀ ਮਾਣ ਵਾਲ਼ੀ ਗੱਲ ਹੈ। ਇਸ ਮੌਕੇ ਸ. ਜਸਵੰਤ ਸਿੰਘ ਜ਼ਫ਼ਰ ਨੇ ਆਪਣੇ ਵਿਚਾਰ ਰੱਖਦਿਆਂ ਕਿਹਾ ਕਿ ਪੰਜਾਬੀ ਹੋਣਾ ਆਪਣੇ ਆਪ ਵਿੱਚ ਹੀ ਬੜੇ ਮਾਣ ਵਾਲ਼ੀ ਗੱਲ ਹੈ। ਇੱਥੋਂ ਦੀ ਮਿੱਟੀ ਦੀ ਖ਼ਸਲਤ ਸਾਰੀ ਦੁਨੀਆਂ ਤੋਂ ਵੱਖਰੀ ਹੈ। ਉਨ੍ਹਾਂ ਕਿਹਾ ਕਿ ਇਸ ਲਈ ਸਾਨੂੰ ਇੱਥੋਂ ਦੇ ਪੌਣ ਪਾਣੀ ਬੋਲੀ ਨੂੰ ਸਾਂਭ ਨੂੰ ਕੇ ਰੱਖਣਾ ਚਾਹੀਦਾ ਹੈ। ਉਨ੍ਹਾਂ ਨਾਟ-ਉਤਸਵ ਦੇ ਪ੍ਰਬੰਧ ਲਈ ਜ਼ਿਲ੍ਹਾ ਭਾਸ਼ਾ ਅਫ਼ਸਰ ਕੀਰਤੀ ਕਿਰਪਾਲ ਸਮੇਤ ਪੂਰੀ ਟੀਮ ਦੀ ਸ਼ਲਾਘਾ ਕੀਤੀ। ਇਸ ਮੌਕੇ ਜ਼ਿਲ੍ਹਾ ਭਾਸ਼ਾ ਦਫ਼ਤਰ ਬਠਿੰਡਾ ਵੱਲੋਂ ਪੁਸਤਕ ਪ੍ਰਦਰਸ਼ਨੀ ਵੀ ਲਗਾਈ ਗਈ। ਮੰਚ ਸੰਚਾਲਨ ਪ੍ਰੋਫੈਸਰ ਸੰਦੀਪ ਮੋਹਲਾਂ ਨੇ ਕੀਤਾ। ਨਾਟ ਉਤਸਵ ਵਿੱਚ ਰਜਿੰਦਰਾ ਕਾਲਜ ਦੇ ਪ੍ਰਿੰਸੀਪਲ ਡਾ. ਜਯੋਤਸਨਾ ਸਿੰਗਲਾ, ਪ੍ਰੋ. ਸ਼ੁਭਪ੍ਰੇਮ ਬਰਾੜ, ਖੋਜ ਅਫ਼ਸਰ ਨਵਪ੍ਰੀਤ ਸਿੰਘ, ਗੁਰਪ੍ਰੇਮ ਲਹਿਰੀ ਸੁਰਿੰਦਰਪ੍ਰੀਤ ਘਣੀਆ, ਨਿਰੰਜਣ ਪ੍ਰੇਮੀ, ਡਾ. ਅਜੀਤਪਾਲ, ਅਮਰਜੀਤ ਸਿੰਘ ਜੀਤ, ਸੁਖਦਰਸ਼ਨ ਗਰਗ, ਰਣਬੀਰ ਰਾਣਾ, ਅਮਰਜੀਤ ਸਿੰਘ ਸਿੱਧੂ, ਸਖਮਨੀ ਸਿੰਘ, ਅਨਿਲ ਕੁਮਾਰ, ਸ਼ੁਭਮ ਸਮੇਤ ਕਾਲਜ ਦਾ ਸਟਾਫ਼ ਅਤੇ ਸ਼ਹਿਰ ਦੇ ਹੋਰ ਸਕੂਲਾਂ ਕਾਲਜਾਂ ਦੇ ਵਿਦਿਆਰਥੀ ਵੀ ਮੌਜੂਦ ਸਨ।

**-ਅਮਰਜੀਤ ਸਿੰਘ ਜੀਤ, 9417287122**

ਆਵਾਜ਼ਿ ਕੌਮ AWAZE QAUM International Newspaper & WEB TV

### ਸਿੱਖ ਦੌੜਾਕ ਜਗਜੀਤ ਸਿੰਘ ਹਰਦੋ ਪ੍ਰਹੌਲਾ ਨੇ

# 10 ਦਿਨਾਂ ਵਿੱਚ 10 ਮੈਰਾਥਨ ਦੌੜ ਕੇ ਰਚਿਆ ਨਵਾਂ ਇਤਿਹਾਸ

**ਲੰਡਨ, 27 ਨਵੰਬਰ (ਸਰਬਜੀਤ ਸਿੰਘ ਬਨੂੜ)**-ਲੰਡਨ ਮੈਰਾਥਨ ਵਿੱਚ ਆਪਣੀ ਵੱਖਰੀ ਪਹਿਚਾਣ ਬਣਾ ਚੁੱਕੇ ਸਿੱਖ ਮੈਰਾਥਨ ਦੌੜਾਕ 'ਤੇ ਕੌਂਸਲਰ ਜਗਜੀਤ ਸਿੰਘ ਹਰਦੋ ਪ੍ਰਹੌਲਾ ਨੇ ਨਵਾਂ ਰਿਕਾਰਡ ਕਾਇਮ ਕਰਦਿਆਂ ਲਗਾਤਾਰ 10 ਦਿਨਾਂ ਵਿੱਚ 10 ਮੈਰਾਥਨ ਦੌੜ ਕੇ ਨਵਾਂ ਇਤਿਹਾਸ ਬਣਾ ਕੇ ਸਿੱਖ ਕੌਮ ਦਾ ਮਾਣ ਵਧਾਇਆ ਹੈ। ਇੰਗਲੈਂਡ ਦੇ ਸਰੀ ਸੈਟਰਨ ਆਰਗੇਨਾਈਜੇਸ਼ਨ ਨੇ ਐਗਮ, ਸਟੇਨਸ ਵਿਖੇ ਥੈਮਸ ਦਰਿਆ ਦੇ ਕਿਨਾਰੇ ਮੈਰਾਥਨ ਦੌੜ ਕਰਵਾਈ ਗਈ ਜਿਸ ਵਿੱਚ ਵੱਖ ਵੱਖ ਸ਼ਹਿਰਾਂ ਤੋਂ ਆਏ ਦੌੜਾਕਾਂ ਨੇ ਹਿੱਸਾ ਲਿਆ ਗਿਆ। ਜਿਲਾ ਜਲੰਧਰ ਦੇ ਪਿੰਡ ਹਰਦੋ ਪ੍ਰਹੌਲਾ ਦੇ ਜੰਮਪਲ ਸਿੱਖ ਐਥਲੈਟਿਕ ਕੌਂਸਲਰ ਜਗਜੀਤ ਸਿੰਘ ਨੇ 9 ਦਿਨ ਵਿੱਚ 42 - 42 ਕਿਲੋਮੀਟਰ ਦੌੜਿਆ ਅਤੇ ਆਖਰੀ ਦਿਨ 50 ਕਿਲੋਮੀਟਰ ਦੌੜ ਕੇ ਨਵਾਂ ਇਤਿਹਾਸ ਸਿਰਜਿਆ ਹੈ। ਇਸ ਮੌਕੇ ਜਗ ਬਾਣੀ ਨਾਲ ਵਿਸ਼ੇਸ਼ ਗੱਲਬਾਤ ਕਰਦਿਆਂ ਕੌਂਸਲਰ ਜਗਜੀਤ ਸਿੰਘ ਨੇ ਕਿਹਾ ਕਿ ਇਹ ਮੈਰਾਥਨ ਦੌੜ ਕੇ ਨਵਾਂ ਅਨੁਭਵ ਹੋਇਆ ਹੈ ਤੇ ਇਹ ਮੇਰੀ ਮਨਪਸੰਦ ਮੈਰਾਥਨ ਹੈ। ਹਰਦੋ ਪ੍ਰਹੌਲਾ ਨੇ 10 ਦਿਨਾਂ ਵਿੱਚ ਦੌੜ ਕੇ 428 ਕਿਲੋਮੀਟਰ ਦਾ ਫ਼ਾਸਲਾ ਤਹਿ ਕੀਤਾ ਹੈ ਜੋ ਕਿ ਇੱਕ ਨਵਾਂ ਰਿਕਾਰਡ ਕਾਇਮ ਹੋਇਆ ਹੈ। ਕੌਂਸਲਰ ਜਗਜੀਤ ਸਿੰਘ ਹਰਦੋ ਪ੍ਰਹੌਲਾ ਹਲਿੰਗਡਨ ਬਾਰੋ ਵਿੱਚ 2014 ਤੋਂ ਲਗਾਤਾਰ ਕੌਂਸਲਰ ਹਨ ਤੇ ਏਅਰ ਲਾਇਨ ਡਨਾਟਾ ਕੈਟਰਿੰਗ ਵਿੱਚ ਉੱਚ ਅਹੁਦੇ ਤੇ ਕੰਮ ਕਰਦੇ ਹਨ।

### ਹਰਦੋ ਪ੍ਰਹੌਲਾ ਨੇ 10 ਦਿਨਾਂ ਵਿੱਚ ਦੌੜ ਕੇ 428 ਕਿਲੋਮੀਟਰ ਦਾ ਤਹਿ ਕੀਤਾ ਫ਼ਾਸਲਾ

ਆਵਾਜ਼ਿ ਕੌਮ AWAZE QAUM
International Newspaper & WEB TV



### ਨੀਟ ਯੂਜੀ ਦੀ ਤਿਆਰੀ ਲਈ ਇੱਕ ਸਾਲ ਦਾ ਅੰਤਰਾਲ ਲੈਣ ਦੇ

# ਫ਼ਾਇਦੇ ਅਤੇ ਨੁਕਸਾਨਾਂ ਦੀ ਪੜਚੋਲ ਕਰੋ

**ਨੈਸ਼ਨਲ ਐਲੀਜੀਬਿਲਟੀ** ਕਮ ਐਂਟਰੈਂਸ ਟੈਸਟ ਦੀ ਤਿਆਰੀ ਕਰ ਰਹੇ ਬਹੁਤ ਸਾਰੇ ਵਿਦਿਆਰਥੀਆਂ ਲਈ, ਨੀਟ ਯੂਜੀ ਇੱਕ ਗੈਪ ਸਾਲ ਲੈਣਾ ਇੱਕ ਅਜਿਹਾ ਫੈਸਲਾ ਹੈ ਜੋ ਇਸਦੀ ਬਹਿਸ ਦੇ ਸਹੀ ਹਿੱਸੇ ਨਾਲ ਆਉਂਦਾ ਹੈ। ਜਦੋਂ ਕਿ ਕੁਝ ਮੰਨਦੇ ਹਨ ਕਿ ਇੱਕ ਅੰਤਰਾਲ ਦਾ ਸਾਲ ਸਫਲਤਾ ਲਈ ਇੱਕ ਗੇਮ-ਚੇਂਜਰ ਹੋ ਸਕਦਾ ਹੈ, ਦੂਸਰੇ ਦਲੀਲ ਦਿੰਦੇ ਹਨ ਕਿ ਇਹ ਹਮੇਸ਼ਾ ਸਭ ਤੋਂ ਵਧੀਆ ਵਿਕਲਪ ਨਹੀਂ ਹੋ ਸਕਦਾ ਹੈ। ਆਓ ਨੀਟ ਯੂਜੀ ਦੀ ਤਿਆਰੀ ਲਈ ਇੱਕ ਸਾਲ ਦਾ ਅੰਤਰਾਲ ਲੈਣ ਦੇ ਫਾਇਦੇ ਅਤੇ ਨੁਕਸਾਨਾਂ ਦੀ ਪੜਚੋਲ ਕਰੀਏ। ਭਾਰਤ ਹਮੇਸ਼ਾ ਸਿੱਧਾ ਨਹੀਂ ਹੁੰਦਾ। ਬਹੁਤ ਸਾਰੇ ਵਿਦਿਆਰਥੀਆਂ ਲਈ, ਚਿੱਟਾ ਕੋਟ ਪਹਿਨਣ ਦਾ ਸੁਪਨਾ ਅਕਸਰ ਨੈਸ਼ਨਲ ਐਲੀਜੀਬਿਲਟੀ ਕਮ ਐਂਟਰੈਂਸ ਟੈਸਟ (ਨੀਟ) ਦੀ ਪਹਿਲੀ ਕੋਸ਼ਿਸ਼ ਤੋਂ ਅੱਗੇ ਵਧਦਾ ਹੈ। ਹਰ ਸਾਲ, ਹਜ਼ਾਰਾਂ ਚਾਹਵਾਨ ਡਾਕਟਰ ਇੱਕ ਮਹੱਤਵਪੂਰਨ ਚੌਰਾਹੇ 'ਤੇ ਖੜ੍ਹੇ ਹੁੰਦੇ ਹਨ-ਕੀ ਉਨ੍ਹਾਂ ਨੂੰ ਇੱਕ ਡ੍ਰੌਪ ਸਾਲ ਲੈਣਾ ਚਾਹੀਦਾ ਹੈ ਅਤੇ ਤਿਆਰੀ ਲਈ ਹੋਰ ਸਮਾਂ ਸਮਰਪਿਤ ਕਰਨਾ ਚਾਹੀਦਾ ਹੈ, ਜਾਂ ਅੱਗੇ ਵਧਣਾ ਚਾਹੀਦਾ ਹੈ ਅਤੇ ਹੋਰ ਕੈਰੀਅਰ ਮਾਰਗਾਂ ਦੀ ਖੋਜ ਕਰਨੀ ਚਾਹੀਦੀ ਹੈ? ਇਹ ਫੈਸਲਾ ਆਸਾਨ ਤੋਂ ਬਹੁਤ ਦੂਰ ਹੈ. ਇਹ ਉਹ ਹੈ ਜੋ ਕਈ ਕਾਰਕਾਂ ਦੇ ਧਿਆਨ ਨਾਲ ਤੋਲਣ ਦੀ ਮੰਗ ਕਰਦਾ ਹੈ-ਅਕਾਦਮਿਕ ਪ੍ਰਦਰਸ਼ਨ, ਮਾਨਸਿਕ ਲਚਕੀਲਾਪਣ, ਵਿੱਤੀ ਰੁਕਾਵਟਾਂ, ਅਤੇ ਨਿੱਜੀ ਟੀਚਿਆਂ। ਇੱਕ ਡ੍ਰੌਪ ਸਾਲ ਕੁਝ ਲਈ ਪਰਿਵਰਤਨਸ਼ੀਲ ਹੋ ਸਕਦਾ ਹੈ, ਪਰ ਜ਼ਰੂਰੀ ਨਹੀਂ ਕਿ ਹਰ ਕਿਸੇ ਲਈ ਸਹੀ ਚੋਣ ਹੋਵੇ। ਇਸ ਲਈ, ਵਿਦਿਆਰਥੀ ਇਹ ਕਿਵੇਂ ਫੈਸਲਾ ਕਰਦੇ ਹਨ ਕਿ ਕੀ ਤਿਆਰੀ ਦਾ ਇਹ ਵਾਧੂ ਸਾਲ ਉਨ੍ਹਾਂ ਲਈ ਸਹੀ ਮਾਰਗ ਹੈ? ਆਉ ਦੋਹਾਂ ਪਾਸਿਆਂ ਦੀ ਪੜਚੋਲ ਕਰੀਏ। ਡ੍ਰੌਪ ਸਾਲ ਦਾ ਵਾਧਾ: ਇੱਕ ਰਣਨੀਤਕ ਕਦਮ ਜਾਂ ਬੇਲੋੜੀ ਦੇਰੀ? ਹਾਲ ਹੀ ਦੇ ਸਾਲਾਂ ਵਿੱਚ, ਬਹੁਤ ਸਾਰੇ ਨੀਟ ਚਾਹਵਾਨਾਂ ਲਈ ਇੱਕ ਡ੍ਰੌਪ ਸਾਲ ਲੈਣਾ ਇੱਕ ਆਮ ਰਣਨੀਤੀ ਬਣ ਗਈ ਹੈ। ਇੱਕ ਡ੍ਰੌਪ ਸਾਲ ਵਿਦਿਆਰਥੀਆਂ ਨੂੰ ਸਕੂਲ ਪ੍ਰੀਖਿਆਵਾਂ, ਹੋਮਵਰਕ, ਅਤੇ ਰੁਟੀਨ ਕਲਾਸਾਂ ਦੇ ਦਬਾਅ ਤੋਂ ਬਿਨਾਂ ਨਿਰਵਿਘਨ ਸਮੇਂ ਦੀ ਲਗਜ਼ਰੀ ਪ੍ਰਦਾਨ ਕਰਦਾ ਹੈ। ਕਈਆਂ ਲਈ, ਇਹ ਦੁਬਾਰਾ ਸੰਗਠਿਤ ਕਰਨ, ਗਲਤੀਆਂ 'ਤੇ ਵਿਚਾਰ ਕਰਨ, ਅਤੇ ਅਗਲੀ ਕੋਸ਼ਿਸ਼ ਵਿੱਚ ਇਮਤਿਹਾਨ ਨੂੰ ਪੂਰਾ ਕਰਨ ਲਈ ਆਪਣੀ ਤਿਆਰੀ ਨੂੰ ਵਧੀਆ ਬਣਾਉਣ ਦਾ ਮੌਕਾ ਹੈ। ਨਿਯਮਤ ਅਕਾਦਮਿਕ ਦੇ ਧਿਆਨ ਭੰਗ ਕੀਤੇ ਬਿਨਾਂ, ਵਿਦਿਆਰਥੀ ਨੀਟ ਸਿਲੇਬਸ ਵਿੱਚ ਮੁਹਾਰਤ ਹਾਸਲ ਕਰਨ ਲਈ ਆਪਣੀ ਸਾਰੀ ਊਰਜਾ ਸਮਰਪਿਤ ਕਰ ਸਕਦੇ ਹਨ। ਇਹ ਕੇਂਦਰਿਤ ਸਮਾਂ ਉਹਨਾਂ ਨੂੰ ਇਹ ਕਰਨ ਦੀ ਇਜਾਜ਼ਤ ਦਿੰਦਾ ਹੈ: 1. ਬੁਨਿਆਦੀ ਧਾਰਨਾਵਾਂ ਨੂੰ ਡੂੰਘਾਈ ਨਾਲ ਸੋਧੋ। 2. ਕਮਜ਼ੋਰ ਖੇਤਰਾਂ ਦੀ ਪਛਾਣ ਕਰੋ ਅਤੇ ਉਹਨਾਂ 'ਤੇ ਕੰਮ ਕਰੋ ਜਿਨ੍ਹਾਂ ਨੂੰ ਨਜ਼ਰਅੰਦਾਜ਼ ਕੀਤਾ ਗਿਆ ਹੈ। 3. ਇਮਤਿਹਾਨ-ਵਿਸ਼ੇਸ਼ ਹੁਨਰ ਜਿਵੇਂ ਕਿ ਸਮੱਸਿਆ-ਹੱਲ ਕਰਨ ਦੀਆਂ ਤਕਨੀਕਾਂ ਅਤੇ ਸਮਾਂ ਪ੍ਰਬੰਧਨ ਦਾ ਵਿਕਾਸ ਕਰੋ। 4. ਛੇ ਘੰਟੇ ਚੱਲਣ ਵਾਲੇ ਇਮਤਿਹਾਨ ਨੂੰ ਸੰਭਾਲਣ ਲਈ ਮਾਨਸਿਕ ਸਹਿਣਸ਼ੀਲਤਾ ਬਣਾਓ। ਵਿਦਿਆਰਥੀਆਂ ਨੂੰ ਪਿਛਲੇ ਸਾਲਾਂ ਦੇ ਪੇਪਰਾਂ ਦੇ ਨਾਲ ਅਭਿਆਸ ਕਰਨ ਅਤੇ ਨਕਲੀ ਟੈਸਟਾਂ ਦੀ ਕੋਸ਼ਿਸ਼ ਕਰਨ ਲਈ ਵੀ ਵਧੇਰੇ ਸਮਾਂ ਮਿਲਦਾ ਹੈ-ਜ਼ਰੂਰੀ ਕਦਮ ਅਕਸਰ ਇੱਕੋ ਸਮੇਂ ਸਕੂਲ ਅਤੇ ਨੀਟ ਦੀ ਤਿਆਰੀ ਦੌਰਾਨ ਤੇਜ਼ ਹੁੰਦੇ ਹਨ। ਇਹ ਢਾਂਚਾਗਤ ਪਹੁੰਚ ਉਹਨਾਂ ਨੂੰ ਇਮਤਿਹਾਨ ਦੇ ਪੈਟਰਨ ਨਾਲ ਬਿਹਤਰ ਢੰਗ ਨਾਲ ਇਕਸਾਰ ਰਹਿਣ ਵਿੱਚ ਮਦਦ ਕਰਦੀ ਹੈ, ਇਹ ਯਕੀਨੀ ਬਣਾਉਂਦੀ ਹੈ ਕਿ ਉਹ ਇਮਤਿਹਾਨ ਦੁਆਰਾ ਉਹਨਾਂ ਦੇ ਰਾਹ ਵਿੱਚ ਆਉਣ ਵਾਲੀਆਂ ਕਿਸੇ ਵੀ ਚੁਣੌਤੀਆਂ ਲਈ ਚੰਗੀ ਤਰ੍ਹਾਂ ਤਿਆਰ ਹਨ। ਚੁਣੌਤੀ: ਕੀ ਇੱਕ ਡ੍ਰੌਪ ਸਾਲ ਦਬਾਅ ਦੇ ਯੋਗ ਹੈ? ਹਾਲਾਂਕਿ ਇੱਕ ਡ੍ਰੌਪ ਸਾਲ ਦੇ ਫਾਇਦੇ ਸਪੱਸ਼ਟ ਹਨ, ਇਹ ਮਹੱਤਵਪੂਰਨ ਚੁਣੌਤੀਆਂ ਦੇ ਨਾਲ ਵੀ ਆਉਂਦਾ ਹੈ-ਖਾਸ ਕਰਕੇ ਮਨੋਵਿਗਿਆਨਕ ਮੋਰਚੇ 'ਤੇ। ਪੂਰੇ ਸਾਲ ਲਈ ਅਕਾਦਮਿਕ ਤਰੱਕੀ ਨੂੰ ਰੋਕਣ ਦਾ ਫੈਸਲਾ ਬਹੁਤ ਜ਼ਿਆਦਾ ਮਹਿਸੂਸ ਕਰ ਸਕਦਾ ਹੈ। ਵਿਦਿਆਰਥੀ ਅਕਸਰ ਅਸਫਲਤਾ ਦੇ ਡਰ ਅਤੇ ਇਹ ਯਕੀਨੀ ਬਣਾਉਣ ਲਈ ਦਬਾਅ ਦੁਆਰਾ ਬੋਝ ਹੁੰਦੇ ਹਨ ਕਿ ਤਿਆਰੀ ਦਾ ਵਾਧੂ ਸਾਲ ਲਾਭਦਾਇਕ ਹੈ। ਸਾਥੀਆਂ ਨੂੰ ਅੱਗੇ ਵਧਦੇ ਦੇਖਣਾ-ਕਾਲਜ ਸ਼ੁਰੂ ਕਰਦੇ ਹੋਏ ਜਾਂ ਹੋਰ ਕਰੀਅਰ ਬਣਾਉਣਾ, ਸਵੈ-ਸ਼ੱਕ ਅਤੇ ਨਿਰਾਸ਼ਾ ਵੱਲ ਲੈ ਜਾਂਦਾ ਹੈ। ਪੂਰੇ ਸਾਲ ਦੌਰਾਨ ਪ੍ਰੇਰਿਤ ਰਹਿਣ ਲਈ ਮਾਨਸਿਕ ਅਨੁਸ਼ਾਸਨ ਅਤੇ ਭਾਵਨਾਤਮਕ ਲਚਕੀਲੇਪਣ ਦੀ ਲੋੜ ਹੁੰਦੀ ਹੈ। ਬਹੁਤ ਸਾਰੇ ਵਿਦਿਆਰਥੀ ਗਤੀ ਨੂੰ ਬਣਾਈ ਰੱਖਣ ਲਈ ਸੰਘਰਸ਼ ਕਰਦੇ ਹਨ, ਖਾਸ ਤੌਰ 'ਤੇ ਜਦੋਂ ਉਹਨਾਂ ਨੂੰ ਆਪਣੇ ਯਤਨਾਂ ਨੂੰ ਪ੍ਰਮਾਣਿਤ ਕਰਨ ਲਈ ਕੋਈ ਤੁਰੰਤ ਨਤੀਜੇ ਦੇ ਨਾਲ ਵਾਰ-ਵਾਰ ਅਧਿਐਨ ਚੱਕਰ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਤੋਂ ਇਲਾਵਾ, ਪਰਿਵਾਰ ਦੀਆਂ ਉਮੀਦਾਂ ਅਤੇ ਵਿੱਤੀ ਵਿਚਾਰ ਇਸ ਫੈਸਲੇ ਵਿੱਚ ਮਹੱਤਵਪੂਰਣ ਭੂਮਿਕਾ ਨਿਭਾਉਂਦੇ ਹਨ। ਜਦੋਂ ਕਿ ਕੁਝ ਪਰਿਵਾਰ ਤਿਆਰੀ ਦੇ ਇੱਕ ਹੋਰ ਸਾਲ ਲਈ ਸਹਾਇਤਾ ਕਰਨ ਲਈ ਤਿਆਰ ਹਨ, ਦੂਜੇ ਨੂੰ ਵਿੱਤੀ ਰੁਕਾਵਟਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਸਮਾਜਿਕ ਦਬਾਅ ਵੀ ਵਿਦਿਆਰਥੀਆਂ 'ਤੇ ਭਾਰੀ ਪੈ ਸਕਦਾ ਹੈ, ਜਿਸ ਨਾਲ ਉਨ੍ਹਾਂ ਨੂੰ ਇਹ ਸਵਾਲ ਪੈਦਾ ਹੁੰਦਾ ਹੈ ਕਿ ਕੀ ਡ੍ਰੌਪ ਸਾਲ ਲੈਣਾ ਸਹੀ ਚੋਣ ਹੈ। ਇਹ ਫੈਸਲਾ ਕਿਵੇਂ ਕਰਨਾ ਹੈ: ਕੀ ਇੱਕ ਡ੍ਰੌਪ ਸਾਲ ਸਹੀ ਹੈਚੋਣ? ਸੂਚਿਤ ਫੈਸਲਾ ਲੈਣ ਦੀ ਕੁੰਜੀ ਹਰੇਕ ਵਿਦਿਆਰਥੀ ਦੀ ਸਥਿਤੀ ਦੇ ਨਿੱਜੀ ਮੁਲਾਂਕਣ ਵਿੱਚ ਹੈ। ਇੱਥੇ ਵਿਚਾਰ ਕਰਨ ਲਈ ਕੁਝ ਕਾਰਕ ਹਨ: 1. ਪ੍ਰਦਰਸ਼ਨ ਵਿਸ਼ਲੇਸ਼ਣ: ਤੁਸੀਂ ਆਪਣੀ ਪਿਛਲੀ ਕੋਸ਼ਿਸ਼ ਵਿੱਚ ਨੀਟ ਯੂਜੀ ਕੱਟਆਫ ਦੇ ਕਿੰਨੇ ਨੇੜੇ ਸੀ? ਜੇਕਰ ਹਾਸ਼ੀਆ ਛੋਟਾ ਸੀ, ਤਾਂ ਪਾੜੇ ਨੂੰ ਪੂਰਾ ਕਰਨ ਲਈ ਇੱਕ ਬੂੰਦ ਸਾਲ ਲਾਭਦਾਇਕ ਹੋ ਸਕਦਾ ਹੈ। 2. ਸੁਧਾਰ ਦੇ ਖੇਤਰਾਂ ਦੀ ਪਛਾਣ ਕਰਨਾ: ਕੀ ਤੁਹਾਨੂੰ ਪਤਾ ਹੈ ਕਿ ਤੁਸੀਂ ਕਿੱਥੇ ਗਲਤ ਹੋਏ? ਜੇ ਕੁਝ ਖਾਸ ਵਿਸ਼ਿਆਂ ਜਾਂ ਸੰਕਲਪਾਂ ਲਈ ਵਧੇਰੇ ਕੰਮ ਦੀ ਲੋੜ ਹੈ, ਤਾਂ ਵਾਧੂ ਸਮਾਂ ਉਹਨਾਂ ਨੂੰ ਹੱਲ ਕਰਨ ਵਿੱਚ ਮਦਦ ਕਰ ਸਕਦਾ ਹੈ। 3. ਸਵੈ-ਪ੍ਰੇਰਣਾ ਅਤੇ ਅਨੁਸ਼ਾਸਨ: ਕੀ ਤੁਸੀਂ ਆਪਣੇ ਦਿਨ ਨੂੰ ਢਾਂਚਾ ਬਣਾਉਣ ਲਈ ਸਕੂਲ ਤੋਂ ਬਿਨਾਂ ਪੂਰੇ ਸਾਲ ਲਈ ਫੋਕਸ ਅਤੇ ਸਵੈ-ਚਾਲਿਤ ਰਹਿ ਸਕਦੇ ਹੋ? ਇੱਕ ਡ੍ਰੌਪ ਸਾਲ ਲਈ ਸਖ਼ਤ ਅਨੁਸ਼ਾਸਨ ਅਤੇ ਪ੍ਰਭਾਵਸ਼ਾਲੀ ਸਮਾਂ ਪ੍ਰਬੰਧਨ ਦੀ ਲੋੜ ਹੁੰਦੀ ਹੈ। 4. ਪਰਿਵਾਰਕ ਸਹਾਇਤਾ ਅਤੇ ਵਿੱਤੀ ਸੰਭਾਵਨਾ: ਕੀ ਤੁਹਾਡੇ ਪਰਿਵਾਰ ਕੋਲ ਇੱਕ ਵਾਧੂ ਸਾਲ ਦੀ ਤਿਆਰੀ ਦਾ ਸਮਰਥਨ ਕਰਨ ਲਈ ਸਰੋਤ ਹਨ? ਡ੍ਰੌਪ ਸਾਲ ਲਈ ਵਚਨਬੱਧਤਾ ਤੋਂ ਪਹਿਲਾਂ ਵਿਹਾਰਕਤਾਵਾਂ ਬਾਰੇ ਖੁੱਲ੍ਹ ਕੇ ਚਰਚਾ ਕਰਨਾ ਜ਼ਰੂਰੀ ਹੈ। 5. ਮਾਨਸਿਕ ਸਿਹਤ ਅਤੇ ਤੰਦਰੁਸਤੀ: ਇੱਕ ਬੂੰਦ ਸਾਲ ਮਾਨਸਿਕ ਤੌਰ 'ਤੇ ਮੰਗ ਕਰਦਾ ਹੈ। ਕੀ ਤੁਸੀਂ ਤਿਆਰੀ ਦੀ ਪ੍ਰਕਿਰਿਆ ਨੂੰ ਦੁਹਰਾਉਣ ਦੇ ਦਬਾਅ ਨੂੰ ਸੰਭਾਲਣ ਲਈ ਤਿਆਰ ਹੋ? ਬਰਨਆਊਟ ਤੋਂ ਬਚਣ ਲਈ ਤੁਹਾਨੂੰ ਅਧਿਐਨ ਅਤੇ ਸਵੈ-ਦੇਖਭਾਲ ਵਿਚਕਾਰ ਸੰਤੁਲਨ ਬਣਾਉਣ ਦੀ ਲੋੜ ਪਵੇਗੀ। 6. ਬੈਕਅੱਪ ਪਲਾਨ: ਜੇ ਚੀਜ਼ਾਂ ਯੋਜਨਾ ਅਨੁਸਾਰ ਨਹੀਂ ਹੁੰਦੀਆਂ ਤਾਂ ਕੀ ਹੁੰਦਾ ਹੈ? ਨੀਟ ਯੂਜੀ ਦੀ ਤਿਆਰੀ ਦੇ ਨਾਲ-ਨਾਲ ਕੈਰੀਅਰ ਦੇ ਹੋਰ ਵਿਕਲਪਾਂ ਦੀ ਪੜਚੋਲ ਕਰਨ ਦੇ ਰੂਪ ਵਿੱਚ ਇੱਕ ਅਚਨਚੇਤੀ ਯੋਜਨਾ ਬਣਾਉਣਾ ਚਿੰਤਾ ਨੂੰ ਘਟਾ ਸਕਦਾ ਹੈ ਅਤੇ ਸੁਰੱਖਿਆ ਦੀ ਭਾਵਨਾ ਪ੍ਰਦਾਨ ਕਰ ਸਕਦਾ ਹੈ। ਕਿਤਾਬਾਂ ਤੋਂ ਪਰੇ ਦੀ ਯਾਤਰਾ: ਇੱਕ ਡ੍ਰੌਪ ਸਾਲ ਦੇ ਦੌਰਾਨ ਸੰਪੂਰਨ ਤੰਦਰੁਸਤੀ ਦਾ ਪਾਲਣ ਪੋਸ਼ਣ ਇੱਕ ਡ੍ਰੌਪ ਸਾਲ ਲੈਣਾ ਅਕਾਦਮਿਕ ਤਿਆਰੀ ਦੀ ਇੱਕ ਵਿਸਤ੍ਰਿਤ ਮਿਆਦ ਤੋਂ ਵੱਧ ਨੂੰ ਦਰਸਾਉਂਦਾ ਹੈ, ਇਹ ਇੱਕ ਵਿਆਪਕ ਯਾਤਰਾ ਹੈ ਜੋ ਸੰਪੂਰਨ ਤੰਦਰੁਸਤੀ ਵੱਲ ਧਿਆਨ ਦੇਣ ਦੀ ਮੰਗ ਕਰਦੀ ਹੈ। ਜਦੋਂ ਕਿ ਪਾਠ ਪੁਸਤਕਾਂ ਅਤੇ ਅਭਿਆਸ ਟੈਸਟ ਤਿਆਰੀ ਦਾ ਮੁੱਖ ਹਿੱਸਾ ਹਨ, ਇਸ ਮਹੱਤਵਪੂਰਨ ਸਾਲ ਦੌਰਾਨ ਸਫਲਤਾ ਮਾਨਸਿਕ ਅਤੇ ਸਰੀਰਕ ਸਿਹਤ ਦੇ ਵਿਚਕਾਰ ਇੱਕ ਨਾਜ਼ੁਕ ਸੰਤੁਲਨ ਬਣਾਈ ਰੱਖਣ 'ਤੇ ਨਿਰਭਰ ਕਰਦੀ ਹੈ। ਸਰੀਰਕ ਗਤੀਵਿਧੀ ਇਸ ਸੰਤੁਲਿਤ ਪਹੁੰਚ ਦੇ ਅਧਾਰ ਵਜੋਂ ਉੱਭਰਦੀ ਹੈ। ਨਿਯਮਤ ਕਸਰਤ ਤਣਾਅ-ਮੁਕਤ ਕਰਨ ਵਾਲੇ ਅਤੇ ਬੋਧਾਤਮਕ ਵਧਾਉਣ ਵਾਲੇ ਦੇ ਤੌਰ 'ਤੇ ਕੰਮ ਕਰਦੀ ਹੈ, ਵਿਦਿਆਰਥੀਆਂ ਨੂੰ ਉਨ੍ਹਾਂ ਦੀ ਯਾਤਰਾ ਦੀ ਤਿਆਰੀ ਦੌਰਾਨ ਮਾਨਸਿਕ ਸਪੱਸ਼ਟਤਾ ਅਤੇ ਭਾਵਨਾਤਮਕ ਸਥਿਰਤਾ ਬਣਾਈ ਰੱਖਣ ਵਿੱਚ ਮਦਦ ਕਰਦੀ ਹੈ। ਧਿਆਨ ਕੇਂਦਰਿਤ ਅਧਿਐਨ ਦੀਆਂ ਸਖ਼ਤ ਮੰਗਾਂ ਨੂੰ ਕਾਇਮ ਰੱਖਣ ਵਿੱਚ ਪੋਸ਼ਣ ਦੀ ਭੂਮਿਕਾ ਵੀ ਬਰਾਬਰ ਮਹੱਤਵਪੂਰਨ ਹੈ। ਨਿਯਮਤ, ਪੌਸ਼ਟਿਕ ਭੋਜਨ ਦੇ ਨਾਲ ਢੁਕਵੀਂ ਹਾਈਡਰੇਸ਼ਨ ਨਾਲ ਮਿਲ ਕੇ ਅਧਿਐਨ ਦੀ ਕੁਸ਼ਲਤਾ ਨੂੰ ਮਹੱਤਵਪੂਰਨ ਤੌਰ 'ਤੇ ਵਧਾਇਆ ਜਾ ਸਕਦਾ ਹੈ ਅਤੇ ਦਿਨ ਭਰ ਲਗਾਤਾਰ ਊਰਜਾ ਦੇ ਪੱਧਰਾਂ ਨੂੰ ਬਣਾਈ ਰੱਖਿਆ ਜਾ ਸਕਦਾ ਹੈ। ਹਾਲਾਂਕਿ ਅਕਾਦਮਿਕ ਫੋਕਸ ਸਰਵੋਤਮ ਰਹਿੰਦਾ ਹੈ, ਮਨੋਰੰਜਨ ਗਤੀਵਿਧੀਆਂ ਵਿੱਚ ਸੰਜਮ ਦੀ ਕਲਾ ਲੰਬੇ ਸਮੇਂ ਦੀ ਸਥਿਰਤਾ ਲਈ ਜ਼ਰੂਰੀ ਸਾਬਤ ਹੁੰਦੀ ਹੈ। ਮਨੋਰੰਜਨ ਦੀਆਂ ਗਤੀਵਿਧੀਆਂ ਤੋਂ ਪੂਰਨ ਪਰਹੇਜ਼ ਅਕਸਰ ਬਰਨਆਉਟ ਅਤੇ ਘੱਟ ਪ੍ਰੇਰਣਾ ਵੱਲ ਲੈ ਜਾਂਦਾ ਹੈ। ਇਸ ਦੀ ਬਜਾਏ, ਸ਼ੌਕ, ਮਨੋਰੰਜਨ, ਜਾਂ ਸਮਾਜਿਕ ਮੇਲ-ਜੋਲ ਲਈ ਯੋਜਨਾਬੱਧ ਬ੍ਰੇਕ ਮਨ ਨੂੰ ਤਾਜ਼ਗੀ ਦੇ ਸਕਦੇ ਹਨ ਅਤੇ ਅਧਿਐਨ ਦੀ ਥਕਾਵਟ ਦੀ ਸ਼ੁਰੂਆਤ ਨੂੰ ਰੋਕ ਸਕਦੇ ਹਨ। ਆਰਾਮ ਦੇ ਇਹ ਪਲ, ਜਦੋਂ ਅਨੁਸ਼ਾਸਨ ਨਾਲ ਸੰਪਰਕ ਕੀਤਾ ਜਾਂਦਾ ਹੈ, ਇਨਾਮ ਵਜੋਂ ਕੰਮ ਕਰਦੇ ਹਨ ਜੋ ਪ੍ਰੇਰਣਾ ਦੇ ਪੱਧਰਾਂ ਨੂੰ ਬਣਾਈ ਰੱਖਣ ਵਿੱਚ ਮਦਦ ਕਰਦੇ ਹਨ। ਸ਼ਾਇਦ ਸਭ ਤੋਂ ਮਹੱਤਵਪੂਰਨ ਇੱਕ ਮਜ਼ਬੂਤ ???ਸਪੋਰਟ ਸਿਸਟਮ ਦੀ ਮੌਜੂਦਗੀ ਹੈ. ਡ੍ਰੌਪ ਸਾਲ ਦੀਆਂ ਭਾਵਨਾਤਮਕ ਚੁਣੌਤੀਆਂ ਮਹੱਤਵਪੂਰਨ ਹੋ ਸਕਦੀਆਂ ਹਨ, ਪਰਿਵਾਰ, ਦੋਸਤਾਂ ਅਤੇ ਸਲਾਹਕਾਰਾਂ ਦੀ ਭੂਮਿਕਾ ਨੂੰ ਅਨਮੋਲ ਬਣਾਉਂਦੀਆਂ ਹਨ। ਇਹ ਸਹਾਇਤਾ ਨੈੱਟਵਰਕ ਸ਼ੱਕ ਦੇ ਪਲਾਂ ਦੌਰਾਨ ਭਾਵਨਾਤਮਕ ਐਂਕਰਿੰਗ, ਵਿਹਾਰਕ ਮਾਰਗਦਰਸ਼ਨ ਅਤੇ ਪ੍ਰੇਰਣਾ ਪ੍ਰਦਾਨ ਕਰਦੇ ਹਨ।

**-ਵਿਜੇ ਗਰਗ, ਮਲੋਟ**

## ਵਹਟਸੱਪ 'ਤੇ ਵਿਆਹ ਦਾ ਸੱਦਾ ਕਾਰਡ ਕਲਿੱਕ ਕਰਨ ਦੀ ਗਲਤੀ ਸਾਬਤ ਹੋ ਸਕਦੀ ਹੈ ਮਹਿੰਗੀ

### ਬਚਾਅ ਲਈ ਅਣਜਾਣ ਨੰਬਰਾਂ ਤੋਂ ਆਉਣ ਵਾਲੇ ਸੰਦੇਸ਼ਾਂ ਨੂੰ ਨਜ਼ਰਅੰਦਾਜ਼

ਨਵੀਂ ਦਿੱਲੀ 27 ਨਵੰਬਰ (ਮਨਪ੍ਰੀਤ ਸਿੰਘ ਖਾਲਸਾ):- ਭਾਰਤ 'ਚ ਵਿਆਹਾਂ ਦਾ ਸੀਜ਼ਨ ਚੱਲ ਰਿਹਾ ਹੈ। ਅਜਿਹੇ 'ਚ ਘੁਟਾਲੇ ਕਰਨ ਵਾਲੇ ਸਰਗਰਮ ਹੋ ਗਏ ਹਨ ਅਤੇ ਇਸ ਦਾ ਫਾਇਦਾ ਚੁੱਕਣ ਦੀ ਕੋਸ਼ਿਸ਼ ਕਰ ਰਹੇ ਹਨ। ਹਾਲ ਹੀ 'ਚ ਅਜਿਹੇ ਕਈ ਮਾਮਲੇ ਸਾਹਮਣੇ ਆਏ ਹਨ, ਜਿੱਥੇ ਜਾਅਲੀ ਵਿਆਹ ਦੇ ਸੱਦੇ ਭੇਜ ਕੇ ਲੋਕਾਂ ਦੇ ਮੋਬਾਇਲ ਫੋਨ ਹੈਕ ਕਰ ਕੇ ਧੋਖਾਦੇਹੀ ਕਰਦੇ ਹਨ।




ਵਿਆਹ ਦੇ ਸੀਜ਼ਨ ਦਾ ਫਾਇਦਾ ਉਠਾਉਂਦੇ ਹੋਏ, ਘੁਟਾਲੇ ਕਰਨ ਵਾਲੇ ਉਪਭੋਗਤਾਵਾਂ ਨੂੰ ਵਿਆਹ ਦੇ ਸੱਦੇ ਦੀ ਜਾਅਲੀ ਪੀਡੀਐਫ ਫਾਈਲ ਭੇਜ ਰਹੇ ਹਨ ਅਤੇ ਉਨ੍ਹਾਂ ਦੀ ਨਿੱਜੀ ਜਾਣਕਾਰੀ ਪ੍ਰਾਪਤ ਕਰ ਰਹੇ ਹਨ। ਇਹ ਫ਼ਾਈਲਾਂ ਅਕਸਰ ਵਹਟਸੱਪ ਜਾਂ ਈਮੇਲ ਰਾਹੀਂ ਸਾਂਝੀਆਂ ਕੀਤੀਆਂ ਜਾਂਦੀਆਂ ਹਨ। ਇਹਨਾਂ ਫਾਈਲਾਂ ਵਿੱਚ ਡਿਵਾਈਸ ਵਿੱਚ ਘੁਸਪੈਠ ਕਰਨ ਲਈ ਤਿਆਰ ਕੀਤਾ ਗਿਆ ਮਾਲਵੇਅਰ ਹੁੰਦਾ ਹੈ।

ਆਵਾਜ਼ਿ ਕੌਮ AWAZE QAUM
International Newspaper & WEB TV

ਮੀਡੀਆ ਵਿਚ ਆਈ ਖ਼ਬਰ ਮੁਤਾਬਿਕ ਲੋਕਾਂ ਨੂੰ ਧੋਖਾ ਦੇਣ ਲਈ, ਸਕੈਮਰ ਲੋਕਾਂ ਨੂੰ ਵਹਟਸੱਪ , ਈਮੇਲ ਅਤੇ ਸੰਦੇਸ਼ 'ਤੇ ਏਪੀਕੇ ਫਾਈਲਾਂ ਭੇਜਦੇ ਹਨ। ਉਪਭੋਗਤਾ ਸੱਦਾ ਦੇ ਨਾਲ ਆਉਣ ਵਾਲੇ ਏਪੀਕੇ ਨੂੰ ਡਾਊਨਲੋਡ ਕਰਨ ਲਈ ਬੇਝਿਜਕ ਮਹਿਸੂਸ ਕਰਦੇ ਹਨ। ਇਹ ਮਾਲਵੇਅਰ ਏਪੀਕੇ ਫਾਈਲਾਂ ਪੀੜਤ ਦੇ ਫੋਨ ਦਾ ਪੂਰਾ ਕੰਟਰੋਲ ਲੈ ਸਕਦੀਆਂ ਹਨ, ਜਿਸ ਨਾਲ ਹਮਲਾਵਰਾਂ ਨੂੰ ਨੈੱਟ ਬੈਂਕਿੰਗ, ਵਟਸਐਪ ਅਤੇ ਐਸਐਮਐਸ ਵਰਗੀਆਂ ਸੰਵੇਦਨਸ਼ੀਲ ਐਪਾਂ ਤੱਕ ਪਹੁੰਚ ਮਿਲਦੀ ਹੈ। ਇੰਨਾ ਹੀ ਨਹੀਂ, ਘੁਟਾਲੇ ਕਰਨ ਵਾਲੇ ਇਨ੍ਹਾਂ ਫਾਈਲਾਂ ਰਾਹੀਂ ਓਟੀਪੀ ਨੂੰ ਵੀ ਰੋਕ ਸਕਦੇ ਹਨ, ਜਿਸ ਨਾਲ ਉਹ ਬੈਂਕ ਖਾਤੇ ਨੂੰ ਖਾਲੀ ਕਰ ਸਕਦੇ ਹਨ। ਵੈਂਡਿੰਗ ਇਨਵੀਟੇਸ਼ਨ ਕਾਰਡ ਸਕੈਮ ਤੋਂ ਬਚਣ ਲਈ, ਮਾਲਵੇਅਰ ਸੁਰੱਖਿਆ ਐਪਸ ਸਥਾਪਿਤ ਕਰੋ ਅਤੇ ਅਣਚਾਹੇ ਫਾਈਲਾਂ ਜਾਂ ਲਿੰਕਾਂ 'ਤੇ ਕਲਿੱਕ ਕਰਨ ਤੋਂ ਬਚੋ। ਇਸ ਨਾਲ ਤੁਸੀਂ ਘਪਲੇ ਦੇ ਖਤਰੇ ਨੂੰ ਘੱਟ ਕਰ ਸਕਦੇ ਹੋ। ਅਣਜਾਣ ਸਰੋਤਾਂ ਤੋਂ ਆਉਣ ਵਾਲੀਆਂ ਫਾਈਲਾਂ ਤੋਂ ਸਾਵਧਾਨ ਰਹੋ, ਖਾਸ ਕਰਕੇ ਏਪੀਕੇ ਫਾਰਮੈਟ ਵਿੱਚ ਆਉਣ ਵਾਲੀਆਂ ਫਾਈਲਾਂ। ਇਸ ਤੋਂ ਬਚਣ ਲਈ ਅਣਜਾਣ ਨੰਬਰਾਂ ਤੋਂ ਆਉਣ ਵਾਲੇ ਸੰਦੇਸ਼ਾਂ ਨੂੰ ਨਜ਼ਰਅੰਦਾਜ਼ ਕਰੋ। ਨਾਲ ਹੀ, ਕਿਸੇ ਵੀ ਅਣਜਾਣ ਨੰਬਰ ਤੋਂ ਕੋਈ ਫਾਈਲ ਡਾਊਨਲੋਡ ਨਾ ਕਰੋ। ਘੁਟਾਲਿਆਂ ਤੋਂ ਸੁਰੱਖਿਅਤ ਰਹਿਣ ਲਈ, ਬਿਨਾਂ ਜਾਂਚ ਕੀਤੇ ਵੀਡੀਓ ਦੇਖਣ ਜਾਂ ਖੋਲ੍ਹਣ ਦੀ ਕੋਸ਼ਿਸ਼ ਨਾ ਕਰੋ।

## ਪਿੰਡਾਂ, ਸ਼ਹਿਰਾਂ ਅਤੇ ਕਸਬਿਆਂ ਵਿੱਚ ਲਾਇਬ੍ਰੇਰੀਆਂ ਦਾ ਹੋਣਾ ਬਹੁਤ ਜ਼ਰੂਰੀ



**ਪਿਛਲੇ** ਕੁਝ ਦਹਾਕਿਆਂ ਵਿੱਚ ਤਕਨੀਕੀ ਕ੍ਰਾਂਤੀ ਅਤੇ ਲੋਕਾਂ ਦੇ ਬਦਲਦੇ ਰੁਝਾਨਾਂ ਕਾਰਨ ਕਿਤਾਬਾਂ ਅਤੇ ਲਾਇਬ੍ਰੇਰੀਆਂ ਦੀ ਮਹੱਤਤਾ ਘਟਦੀ ਜਾ ਰਹੀ ਹੈ। ਗਿਆਨ ਅਤੇ ਮਨੋਰੰਜਨ ਦੇ ਅਨੰਤ ਹੋਰ ਸਾਧਨਾਂ ਦੇ ਆਗਮਨ ਦੇ ਨਾਲ, ਲੋਕਾਂ ਨੇ ਤਕਨਾਲੋਜੀ ਦੀ ਵੱਧ ਤੋਂ ਵੱਧ ਵਰਤੋਂ ਕਰਨੀ ਸ਼ੁਰੂ ਕਰ ਦਿੱਤੀ ਹੈ। ਅਕਸਰ ਦੇਖਿਆ ਜਾਂਦਾ ਹੈ ਕਿ ਲਾਇਬ੍ਰੇਰੀਆਂ ਕਿਸੇ ਸਮੇਂ ਸਭ ਤੋਂ ਵਿਅਸਤ ਥਾਵਾਂ ਹੁੰਦੀਆਂ ਸਨ ਜਿੱਥੇ ਲੋਕ ਘੰਟਿਆਂਬੱਧੀ ਬੈਠ ਸਕਦੇ ਸਨ। ਵੱਖ-ਵੱਖ ਵਿਸ਼ਿਆਂ 'ਤੇ ਅਧਿਐਨ ਕਰਨ ਲਈ ਵਰਤਿਆ ਜਾਂਦਾ ਹੈ। ਪਰ ਅੱਜ ਕੱਲ੍ਹ ਇਹ ਰੁਝਾਨ ਪੂਰੀ ਤਰ੍ਹਾਂ ਬਦਲ ਗਿਆ ਹੈ। ਇੱਥੋਂ ਤੱਕ ਕਿ ਸਕੂਲ-ਕਾਲਜ ਦੀਆਂ ਲਾਇਬ੍ਰੇਰੀਆਂ ਵੀ ਹੁਣ ਓਨੀ ਜੀਵੰਤ ਨਹੀਂ ਰਹੀਆਂ ਜਿੰਨੀਆਂ ਪਹਿਲਾਂ ਸਨ। ਵਿਦਿਆਰਥੀ ਲਾਇਬ੍ਰੇਰੀ ਵਿੱਚ ਬੈਠ ਕੇ ਵੀ ਆਪਣੇ ਮੋਬਾਈਲ ਫੋਨਾਂ ਵਿੱਚ ਰੁੱਝੇ ਹੋਏ ਹਨ। ਉਹ ਕਿਸੇ ਕਿਤਾਬ, ਵਿਸ਼ੇ ਜਾਂ ਲੇਖ ਬਾਰੇ ਸੋਚਣ ਦੀ ਬਜਾਏ ਆਪਣੇ ਮੋਬਾਈਲ 'ਤੇ ਰੁੱਝੇ ਰਹਿੰਦੇ ਹਨ। ਘਰ ਵਿੱਚ ਟੀ.ਵੀ., ਇੰਟਰਨੈੱਟ, ਕੰਪਿਊਟਰ ਆਦਿ ਵਿੱਚ ਜੋ ਸਮਾਨ ਖਰਚ ਕੀਤਾ ਜਾਂਦਾ ਹੈ, ਉਹੀ ਗੁਣ ਨਵੇਂ ਬੱਚਿਆਂ ਵਿੱਚ ਦੁਬਾਰਾ ਆ ਰਹੇ ਹਨ। ਨਾ ਸਿਰਫ਼ ਤਕਨਾਲੋਜੀ ਦੀ ਵਰਤੋਂ ਹਮੇਸ਼ਾ ਗ਼ਲਤ ਮੰਤਵਾਂ ਲਈ ਕੀਤੀ ਜਾਂਦੀ ਹੈ, ਇੰਟਰਨੈੱਟ, ਕੰਪਿਊਟਰ, ਮੋਬਾਈਲ ਆਦਿ ਜਿੱਥੇ ਮਨੋਰੰਜਨ ਦਾ ਸਾਧਨ ਹਨ, ਉੱਥੇ ਗਿਆਨ ਦਾ ਸਰੋਤ ਵੀ ਹਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਇਸ ਦੇ ਬਹੁਤ ਸਾਰੇ ਫਾਇਦੇ ਹਨ ਅਤੇ ਹਰ ਮਨੁੱਖ ਨੂੰ ਇਸ ਦੀ ਵਰਤੋਂ ਕਰਨੀ ਚਾਹੀਦੀ ਹੈ। ਕਿਉਂਕਿ ਜਿੰਨੇ ਜ਼ਿਆਦਾ ਫਾਇਦੇ, ਓਨੇ ਹੀ ਜ਼ਿਆਦਾ ਨੁਕਸਾਨ। ਅਜੋਕੇ ਸਮੇਂ ਵਿੱਚ ਟੈਕਨਾਲੋਜੀ ਦੇ ਸਾਧਨਾਂ ਤੋਂ ਬਿਨਾਂ ਰਹਿਣਾ ਬਹੁਤ ਔਖਾ ਹੈ, ਹਰ ਤਰ੍ਹਾਂ ਦੀ ਜਾਣਕਾਰੀ ਇੰਟਰਨੈੱਟ 'ਤੇ ਸਕਿੰਟਾਂ ਵਿੱਚ ਉਪਲਬਧ ਹੈ ਜਿਸ ਨਾਲ ਬਹੁਤ ਸਮਾਂ ਬਚਦਾ ਹੈ ਅਤੇ ਘੱਟ ਸਮੇਂ ਵਿੱਚ ਵਧੇਰੇ ਜਾਣਕਾਰੀ ਪ੍ਰਾਪਤ ਕੀਤੀ ਜਾ ਸਕਦੀ ਹੈ। ਪਰ ਇਹ ਵੀ ਧਿਆਨ ਵਿੱਚ ਰੱਖਣਾ ਜ਼ਰੂਰੀ ਹੈ ਕਿ ਜਾਣਕਾਰੀ ਅਤੇ ਗਿਆਨ ਵਿੱਚ ਅੰਤਰ ਹੈ, ਜਾਣਕਾਰੀ ਕਿਸੇ ਚੀਜ਼ ਨੂੰ ਪੜ੍ਹ ਕੇ ਤੁਰੰਤ ਪ੍ਰਾਪਤ ਕੀਤੀ ਜਾ ਸਕਦੀ ਹੈ ਪਰ ਗਿਆਨ ਅਧਿਐਨ ਦਾ ਨਤੀਜਾ ਹੈ ਜੋ ਲਗਾਤਾਰ ਧਿਆਨ ਨਾਲ ਅਧਿਐਨ ਕਰਨ ਨਾਲ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ। ਮੇਰਾ ਕਹਿਣਾ ਹੈ ਕਿ ਅਸੀਂ ਜਿੰਨੀ ਮਰਜ਼ੀ ਤਰੱਕੀ ਕਰ ਲਈਏ, ਕਿਤਾਬਾਂ ਪ੍ਰਤੀ ਸਾਡਾ ਪਿਆਰ ਕਦੇ ਟੁੱਟਣਾ ਨਹੀਂ ਚਾਹੀਦਾ ਕਿਉਂਕਿ ਦੁਨੀਆਂ ਵਿੱਚ ਬੇਅੰਤ ਕਾਢਾਂ ਹਨ, ਪਰ ਕਿਤਾਬਾਂ ਸਦੀਆਂ ਤੋਂ ਸਾਡੀ ਜ਼ਿੰਦਗੀ ਦਾ ਹਿੱਸਾ ਰਹੀਆਂ ਹਨ ਅਤੇ ਹਮੇਸ਼ਾ ਰਹਿਣੀਆਂ ਚਾਹੀਦੀਆਂ ਹਨ। ਪਿੰਡਾਂ, ਸ਼ਹਿਰਾਂ, ਕਸਬਿਆਂ ਵਿੱਚ ਲਾਇਬ੍ਰੇਰੀਆਂ ਦਾ ਹੋਣਾ ਬਹੁਤ ਜ਼ਰੂਰੀ ਹੈ ਜਿੱਥੇ ਹਰ ਵਿਸ਼ੇ ਦੀਆਂ ਵੱਧ ਤੋਂ ਵੱਧ ਪੁਸਤਕਾਂ ਹੋਣੀਆਂ ਚਾਹੀਦੀਆਂ ਹਨ। ਨੌਜਵਾਨ ਪੀੜ੍ਹੀ ਅਤੇ ਬੱਚਿਆਂ ਨੂੰ ਲਾਇਬ੍ਰੇਰੀ ਵਿੱਚ ਆਉਣ ਲਈ ਉਤਸ਼ਾਹਿਤ ਕਰਨਾ ਚਾਹੀਦਾ ਹੈ। ਸਾਨੂੰ ਸਾਰਿਆਂ ਨੂੰ ਆਪਣੇ ਆਪ ਨੂੰ, ਆਪਣੇ ਬੱਚਿਆਂ ਨੂੰ ਅਤੇ ਆਪਣੇ ਆਲੇ ਦੁਆਲੇ ਦੇ ਲੋਕਾਂ ਨੂੰ ਵੱਧ ਤੋਂ ਵੱਧ ਪੜ੍ਹਨ ਲਈ ਪ੍ਰੇਰਿਤ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿਉਂਕਿ ਸਿੱਖਿਆ ਹੀ ਇੱਕ ਅਜਿਹਾ ਤਰੀਕਾ ਹੈ ਜੋ ਹਮੇਸ਼ਾ ਸਾਡੇ ਜੀਵਨ ਨੂੰ ਰੌਸ਼ਨ ਕਰਦੀ ਹੈ, "ਉਸਨੇ ਕਿਹਾ। ਗਿਆਨ ਇੱਕ ਅਜਿਹਾ ਖਜ਼ਾਨਾ ਹੈ ਜਿਸਨੂੰ ਕੋਈ ਲੁੱਟ ਨਹੀਂ ਸਕਦਾ। ਕਿਤਾਬਾਂ ਨਾਲ ਜੁੜਨਾ ਬਹੁਤ ਜ਼ਰੂਰੀ ਹੈ ਨਹੀਂ ਤਾਂ ਅਸੀਂ ਜੜ੍ਹਾਂ ਤੋਂ ਦੂਰ ਹੋ ਜਾਵਾਂਗੇ, ਅਤੇ ਜੜ੍ਹਾਂ ਤੋਂ ਬਿਨਾਂ ਰੁੱਖ ਦੀ ਹਾਲਤ ਉਹ ਹੈ ਜੋ ਅਸੀਂ ਸਾਰੇ ਜਾਣਦੇ ਹਾਂ। ਇਸ ਲਈ ਕਿਤਾਬਾਂ ਸਾਂਝੀਆਂ ਕਰਦੇ ਰਹੋ, ਚੰਗੀਆਂ ਕਿਤਾਬਾਂ ਆਪਣੇ ਨਾਲ ਜੁੜੇ ਲੋਕਾਂ ਨੂੰ ਕਿਸੇ ਨਾ ਕਿਸੇ ਮੌਕੇ 'ਤੇ ਪੜ੍ਹਨ ਲਈ ਦਿੰਦੇ ਰਹੋ, ਜੇਕਰ ਇਸ ਤਰ੍ਹਾਂ ਦਾ ਲੈਣ-ਦੇਣ ਸ਼ੁਰੂ ਹੋ ਜਾਵੇ ਤਾਂ ਹਰ ਕੋਈ ਸਿਆਣਾ ਅਤੇ ਸਮਝਦਾਰ ਹੋ ਸਕਦਾ ਹੈ ਜਿਸ ਨਾਲ ਸਾਡੀ ਜ਼ਿੰਦਗੀ ਦੀਆਂ ਮੁਸ਼ਕਿਲਾਂ ਸੌਖੀਆਂ ਹੋ ਸਕਦੀਆਂ ਹਨ। ਆਓ ਸਾਰੇ ਰਲ ਕੇ ਪੁਸਤਕ ਦੀ ਹੋਂਦ ਨੂੰ ਜਮਾਤ ਵਿੱਚ ਸਿਰਫ਼ ਸਿਲੇਬਸ ਦੇ ਰੂਪ ਵਿੱਚ ਨਾ ਪੜ੍ਹ ਕੇ ਇਸ ਨੂੰ ਆਪਣੇ ਜੀਵਨ ਦਾ ਹਿੱਸਾ ਬਣਾਉਣ ਦਾ ਉਪਰਾਲਾ ਕਰੀਏ ਅਤੇ ਪੁਸਤਕ ਦੀ ਹੋਂਦ ਨੂੰ ਆਪਣੇ ਤੌਰ 'ਤੇ ਹੀ ਬਚਾਈਏ। ••

ਆਵਾਜ਼ਿ ਕੌਮ AWAZE QAUM
International Newspaper & WEB TV